
# ਸੂਰਾ

ਮਾਸਕ ਪੱਤਰ

ਅੰਮ੍ਰਿਤਸਰ AMRITSAR

ਜੂਨ ੧੯੭੪

JUNE 1974



## ਤਤਕਰਾ


ਜੁਗਿ ਜੁਗਿ ਸਤਿਗੁਰ ਧਰੇ ਅਵਤਾਰੀ ੧
ਗੁਰਬਾਣੀ ਵੀਚਾਰ ੨
ਗੁਰੂ ਅਕਾਲ ਪੁਰਖ ਦਾ ਧਿਆਨ ੫
ਸੰਗਤ ਦਾ ਫਲ ੧੦
ਗੁਰੂ ਨਾਨਕ ਤੇ ਗੁਰਮਤਿ ੧੩
ਗੁਰਸਿਖ ਰਹਿਣੀ ੧੭
ਮੌਜੂਦਾ ਗੁਰਦਵਾਰਾ ਪ੍ਰਬੰਧ ੧੯
ਸਿੰਘੋ ! ਹੁਣ ਉਠੋ ਤੇ ਵੇਲਾ ਸੰਭਾਲੋ ੨੭
ਯਾਸਾ ਦੀ ਪੜਚੋਲ ੨੯
ਕੀ ਇਹ ਧਰਮ-ਪ੍ਰਚਾਰ ਹੈ ੩੨
ਅਜ਼ਾਦ ਭਾਰਤ ਵਿਚ ਕਿਰਪਾਨ ਤੇ ਪਾਬੰਦੀ ੩੩
ਪ੍ਰੇਮ ਪਟੋਲਾ (ਮਨਮਤੀ ਰਿਵਾਜ) ੩੪
ਸਿੰਘ ਸਭਾ ਲਹਿਰ ਦੀ ਦੇਣ ੩੬
ਜਿਉ ਡਰਨਾ ਖੇਤ ਮਾਹਿ ਡਰਾਇਆ ੪੦


## ਗੁਰਪੁਰਬ

ਪਾ: ੬ ਅਵਤਾਰ ਧਾਰਿਆ ੫ ਜੂਨ

www.AKJ.Org

# ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

ਆਤਮ-ਰੰਗਾਂ ਅਤੇ ਨੂਰਾਨੀ ਚਮਤਕਾਰਾਂ ਵਾਲੀ ਦੁਨੀਆ ਦੇ ਦਰਸ਼ਨ ਕਰਨ ਲਈ ਅਤੇ ਨਾਮ ਬਾਣੀ ਦੇ ਪਰਤੱਖ ਕ੍ਰਿਸ਼ਮਿਆਂ ਵਾਲੇ ਤਜਰਬੇ ਜਾਨਣ ਲਈ ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਹੇਠ ਲਿਖੀਆ ਪੁਸਤਕਾ ਪੜ੍ਹੋ —

Autobiography of Bhai Sahib Randhir Singh ji
Translated by Dr. Trilochan Singh 20-00

| | | | |
|---|---|---|---|
| ਜੇਲ੍ਹ ਚਿਠੀਆਂ | 7-00 | ਗੁਰਮਤਿ ਸਚ ਨਿਰਣੇ | 6-00 |
| ਰੰਗਲੇ ਸਜਣ | 3-50 | ਸੰਤ ਪਦ ਨਿਰਣੇ | 3-00 |
| ਗੁਰਮਤਿ ਗੌਰਵਤਾ | 7 00 | ਅਨਹਦ ਸ਼ਬਦ ਦਸਮ ਦੁਆਰ | 3-50 |
| ਝਟਕਾ ਮਾਸ ਪ੍ਰਥਾਇ ਗੁਰਮਤਿ ਨਿਰਣੇ | 3-00 | ਗੁਰਮਤਿ ਨਾਮ ਅਭਿਆਸ ਕਮਾਈ | 4-00 |
| ਚਰਨ ਕਮਲ ਕੀ ਮਉਜ | 0-90 | ਦਰਸ਼ਨ ਝਲਕਾਂ | 2-50 |
| ਅੰਮ੍ਰਿਤ ਕਲਾ | 0-55 | ਸਚਖੰਡ ਦਰਸ਼ਨ | 1-00 |
| ਬਾਬਾ ਵੈਦ ਰੋਗੀਆਂ ਦਾ | 0-20 | ਸ਼ੰਕਿਆਂ ਦੇ ਉਤਰ | 0-50 |
| ਆਸਤਕ ਨਾਸਤਕ | 0-25 | ਸਿਖ ਕੌਣ ਹੈ | 0·15 |
| ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | 0·10 | ਸਚੀਆਂ ਦਾੜ੍ਹੀਆਂ | 0-20 |
| ਵਾਹਿਗੁਰੂ ਸਿਮਰਨ | 0-20 | ਅਕਾਲ ਪੁਰਖ ਦੇ ਪਰਤਖ ਦਰਸ਼ਨ | 0-20 |
| ਕੀਰਤਨੀ ਜੱਥੇ ਦੀ ਦਾਸਤਾਨ | 0-30 | ਸਿਖੀ ਸਿਦਕ | 0-20 |

## ਛਪਣ ਵਾਲੀਆਂ ਪੁਸਤਕਾਂ

| | |
|---|---|
| ਗੁਰਮਤਿ ਬਿਬੇਕ | ਗੁਰਮਤਿ ਕਰਮ ਫ਼ਿਲਾਸਫ਼ੀ |
| ਕਥਾ ਕੀਰਤਨ | ਗੁਰਬਾਣੀ ਦੀਆਂ ਲਗਾਂ ਮਾਤਰਾਂ ਦੀ ਵਿਲਖਣਤਾ |
| ਗੁਰਮਤਿ ਪ੍ਰਕਾਸ਼ | ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁਤ-ਪ੍ਰਸਤੀ ਹੈ ? |
| ਜੋਤਿ ਵਿਗਾਸ | ਅਣਡਿਠੀ ਦੁਨੀਆ |
| ਗੁਰਮਤਿ ਲੇਖ | ਨਾਮ ਦਾ ਦਾਤਾ ਸਤਿਗੁਰੂ |
| ਗੁਰਮਤਿ ਵਿਚਾਰ | ਨਾਮ ਸਬੰਧੀ ਵਿਚਾਰ |
| ਅੰਮ੍ਰਿਤ ਕੀ ਹੈ | ਉਮਰ ਕੈਦੀ ਦਾ ਸੁਪਨਾ |
| ਗਿਆਨ ਚਾਨਣਾ | ਹਉਮੈ ਨਾਵੈ ਨਾਲ ਵਿਰੋਧ ਹੈ |
| ਗੁਰਮਤਿ ਰਮਜ਼ਾਂ | ਕੋ ਵਿਰਲਾ ਗੁਰਮਤਿ ਚਲੈ ਜੀਉ |
| ਸਿੰਘਾਂ ਦਾ ਪੰਥ ਨਿਰਾਲਾ | |

ਉਪਰੋਕਤ ਪੁਸਤਕਾਂ ਪੜ੍ਹ ਕੇ ਗੁਰਮਤਿ ਦੀ ਸੋਝੀ ਪੈਂਦੀ ਹੈ, ਗੁਰੂ-ਚਰਨਾਂ ਨਾਲ ਪ੍ਰੀਤ ਉਪਜਦੀ ਹੈ ਅਤੇ ਨਾਮ-ਰੰਗਾਂ ਵਿਚ ਰੰਗੀਜੇ ਜਾਈਦਾ ਹੈ ।

ਪੁਸਤਕਾਂ ਮੰਗਾਣ ਦਾ ਪਤਾ —

**ਭਾ: ਸਾਹਿਬ ਰਣਧੀਰਸਿੰਘ ਪਬਲਿਸ਼ਿੰਗ ਹਾਊਸ, ੧੨੬-ਮਾਡਲ ਟਾਊਨ, ਲੁਧਿਆਣਾ**

ਜਾਂ

**ਮੈਨੇਜਰ 'ਸੂਰਾ' c/o ਸਿੰਘ ਬ੍ਰਦਰਜ਼, ਕੂਚਾ ਚਤਰ ਸਿੰਘ, ਮਾਈ ਸੇਵਾਂ, ਅੰਮ੍ਰਿਤਸਰ**

ਜੀਊਲ ਫ਼ਾਈਨ ਪ੍ਰਿੰਟਰਜ਼, ਹਾਥੀਖ਼ਾਨਾ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ ।

www.AKJ.org

## ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥


ਸਾਲਾਨਾ ਚੰਦਾ ਦੇਸ : ੬ ਰੁਪਏ
ਫੀ ਕਾਪੀ : ੫੦ ਪੈਸੇ

੧ਓ ਵਾਹਿਗੁਰੂ ਜੀ ਕੀ ਫਤਹਿ॥

# ਸੂਰਾ

ਮਾਸਕ ਪੱਤਰ

ਅੰਮ੍ਰਿਤਸਰ

ਪਰਦੇਸ : ਸਮੁੰਦਰੀ ਡਾਕ ਇਕ ਪੌਂਡ
ਹਵਾਈ ਡਾਕ ਦੇ ਰੇਟ ਵਖਰੇ ਹਨ ।

ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ

ਜਿਲਦ ੮ | ੧ ਜੂਨ, ੧੯੭੪ | ਅੰਕ ੬


## ਜੁਗਿ ਜੁਗਿ ਸਤਿਗੁਰ ਧਰੇ ਅਵਤਾਰੀ

ਪੰਜਿ ਪਿਆਲੇ, ਪੰਜਿ ਪੀਰ, ਛਟਮੁ ਪੀਰੁ ਬੈਠਾ ਗੁਰੁ ਭਾਰੀ॥
ਅਰਜਨ ਕਾਇਆ ਪਲਟਿ ਕੈ, ਮੂਰਤਿ ਹਰਿ ਗੋਬਿੰਦ ਸਵਾਰੀ॥
ਚਲੀ ਪੀੜੀ ਸੋਢੀਆ, ਰੂਪ ਦਿਖਾਵਣ ਵਾਰੋ ਵਾਰੀ॥
ਦਲ-ਭੰਜਨ ਗੁਰੁ ਸੂਰਮਾ, ਵਡ ਜੋਧਾ ਬਹੁ ਪਰਉਪਕਾਰੀ॥
ਪੁਛਨਿ ਸਿਖ ਅਰਦਾਸਿ ਕਰਿ, ਛਿਅ ਮਹਿਲਾਂ ਤਕਿ ਦਰਸੁ ਨਿਹਾਰੀ॥
ਅਗਮ ਅਗੋਚਰ ਸਤਿਗੁਰੂ, ਬੋਲੇ ਮੁਖ ਤੇ ਸੁਣਹੁ ਸੰਸਾਰੀ॥
ਕਲਿਜੁਗਿ ਪੀੜੀ ਸੋਢੀਆਂ ਨਿਹਚਲ ਨੀਵ ਉਸਾਰਿ ਖਲਾਰੀ॥
ਜੁਗਿ ਜੁਗਿ ਸਤਿਗੁਰ ਧਰੇ ਅਵਤਾਰੀ॥ (ਭਾਈ ਗੁਰਦਾਸ ਜੀ ਵਾਰ ੧, ਪਉੜੀ ੪੮


ਐਡੀਟਰ : ਜਸਵੰਤ ਸਿੰਘ ਗਿਆਨੀ, ਬੀ. ਏ., ਬੀ. ਟੀ.



www.AKJ.Org

# ਗੁਰਬਾਣੀ-ਵੀਚਾਰ

ਆਸਾ ਮਹਲਾ ੫

ਸਤਿਗੁਰ ਸਾਚੈ ਦੀਆ ਭੇਜਿ ॥ ਚਿਰੁ ਜੀਵਨੁ ਉਪਜਿਆ ਸੰਜੋਗਿ ॥
ਉਦਰੈ ਮਾਹਿ ਆਇ ਕੀਆ ਨਿਵਾਸੁ ॥ ਮਾਤਾ ਕੈ ਮਨਿ ਬਹੁਤੁ ਬਿਗਾਸੁ ॥੧॥
ਜੰਮਿਆ ਪੂਤੁ ਭਗਤੁ ਗੋਵਿੰਦ ਕਾ ॥ ਪ੍ਰਗਟਿਆ ਸਭ ਮਹਿ ਲਿਖਿਆ ਧੁਰ ਕਾ ॥ਰਹਾਉ॥
ਦਸੀ ਮਾਸੀ ਹੁਕਮਿ ਬਾਲਕ ਜਨਮੁ ਲੀਆ ॥ ਮਿਟਿਆ ਸੋਗੁ ਮਹਾ ਅਨੰਦ ਥੀਆ ॥
ਗੁਰਬਾਣੀ ਸਖੀ ਅਨੰਦੁ ਗਾਵੈ ॥ ਸਾਚੇ ਸਾਹਿਬ ਕੈ ਮਨਿ ਭਾਵੈ ॥੨॥
ਵਧੀ ਵੇਲਿ ਬਹੁ ਪੀੜੀ ਚਾਲੀ ॥ ਧਰਮ ਕਲਾ ਹਰਿ ਬੰਧਿ ਬਹਾਲੀ ॥
ਮਨ-ਚਿੰਦਿਆ ਸਤਿਗੁਰੂ ਦਿਵਾਇਆ ॥ ਭਏ ਅਚਿੰਤ ਏਕ ਲਿਵ ਲਾਇਆ ॥੩॥
ਜਿਉ ਬਾਲਕੁ ਪਿਤਾ ਊਪਰਿ ਕਰੇ ਬਹੁ ਮਾਣੁ ॥ ਬੁਲਾਇਆ ਬੋਲੈ ਗੁਰ ਕੈ ਭਾਣਿ ॥
ਗੁਝੀ ਛੰਨੀ ਨਾਹੀ ਬਾਤ ॥ ਗੁਰੁ ਨਾਨਕੁ ਤੁਠਾ ਕੀਨੀ ਦਾਤਿ ॥੪॥੭॥੧੦੧॥

**ਇਤਿਹਾਸਕ ਪਿਛੋਕੜ :—**

ਇਹ ਸ਼ਬਦ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ (ਗੁਰੂ) ਹਰਿ ਗੋਬਿੰਦ ਸਾਹਿਬ ਜੀ ਦੇ ਜਨਮ ਸਮੇਂ, ਅਕਾਲ ਪੁਰਖ ਦੇ ਸ਼ੁਕਰਾਨੇ ਵਜੋਂ ਉਚਾਰਨ ਕੀਤਾ।

ਸਤਿਗੁਰੂ ਅਰਜਨ ਦੇਵ ਜੀ ਸਾਂਤੀ ਦੇ ਪੁੰਜ ਆਪਣੇ ਭਰਾਤਾ ਪ੍ਰਿਥੀਚੰਦ ਦੀ ਈਰਖਾ ਤੇ ਵੈਰ-ਵਿਰੋਧ ਦਾ ਸ਼ਾਂਤ-ਚਿਤ ਰਹਿ ਕੇ ਸਹਿਨ-ਸ਼ੀਲਤਾ ਸਹਿਤ ਟਾਕਰਾ ਕਰੀ ਜਾ ਰਹੇ ਸਨ । ਪਰ ਪ੍ਰਿਥੀਚੰਦ ਦੀ ਈਰਖਾ ਤੇ ਸੜੇਵਾਂ ਦਿਨੋ ਦਿਨ ਵਧਦਾ ਜਾ ਰਿਹਾ ਸੀ, ਜਿਸ ਕਾਰਨ ਨਿਤ ਨਵੀਆਂ ਸਾਜ਼ਸ਼ਾਂ ਘੜੀਆਂ ਜਾਂਦੀਆਂ ਸਨ। ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵਿਆਹ ਹੋਏ ਨੂੰ ੧੪ ਸਾਲ ਬੀਤ ਚੁਕੇ ਸਨ, ਪਰ ਕੋਈ ਸੰਤਾਨ ਨਹੀਂ ਸੀ ਹੋਈ। ਕਪਟ-ਖ਼ਿਆਲੀ ਪ੍ਰਿਥੀਚੰਦ ਇਹ ਆਸ ਲਾਈ ਬੈਠਾ ਸੀ ਕਿ ਇਨ੍ਹਾਂ ਦੇ ਤਾਂ ਕੋਈ ਔਲਾਦ ਨਹੀਂ, ਅਖ਼ੀਰ ਸਭ ਕੁਝ ਸਾਡਾ ਹੀ ਹੈ। ਇਸੇ ਤਰ੍ਹਾਂ ਉਸ ਦੀ ਘਰ ਵਾਲੀ 'ਕਰਮੋ' ਮਾਤਾ ਗੰਗਾ ਜੀ ਨੂੰ ਤਾਹਨੇ-ਮਿਹਣੇ ਤੇ ਔਲਾਦ ਤੋਂ ਅਫਲ ਰਹਿਣ ਦੀਆਂ ਬੋਲੀਆਂ ਮਾਰਦੀ ਰਹਿੰਦੀ ਸੀ। ਇਨ੍ਹਾਂ ਬੋਲੀਆਂ ਤੋਂ ਤੰਗ ਆ ਕੇ ਮਾਤਾ ਜੀ ਨੇ ਸਤਿਗੁਰੂ ਜੀ ਪਾਸ ਜੋਦੜੀ ਕੀਤੀ ਕਿ ਹੁਣ ਸ਼ਰੀਕਾਂ ਦੀਆਂ ਬੋਲੀਆਂ ਨਹੀਂ ਸਹਾਰੀਆਂ ਜਾਂਦੀਆਂ, ਬਖ਼ਸ਼ਸ਼ ਕਰੋ । ਸਤਿਗੁਰੂ ਮੁਸਕਰਾਏ ਅਤੇ ਬੜੇ ਧੀਮੇ ਜਿਹੇ ਮਿਠੇ ਬਚਨਾਂ ਵਿਚ ਆਖਿਓਨੇ ਕਿ ਬਾਬਾ ਬੁੱਢਾ ਜੀ ਬ੍ਰਹਮ ਗਿਆਨੀ ਹਨ, ਉਨ੍ਹਾਂ ਦੀ ਸੇਵਾ ਕਰੋ । ਉਹ ਪ੍ਰਸੰਨਤਾ ਵਿਚ ਆ ਕੇ ਬਖ਼ਸ਼ਸ਼ ਕਰਨਗੇ ।

ਸਾਖੀ ਇਉਂ ਆਉਂਦੀ ਹੈ ਕਿ ਪਹਿਲਾਂ ਮਾਤਾ ਜੀ ਰਥ ਵਿਚ ਬੈਠ ਕੇ ਕਈ ਦਾਸੀਆਂ ਸਮੇਤ ਦਰਸ਼ਨਾਂ ਨੂੰ ਗਏ ਅਤੇ ਕਈ ਤਰ੍ਹਾਂ ਦੇ ਪਦਾਰਥ ਬਾਬਾ ਜੀ ਲਈ ਲੈ ਕੇ ਗਏ। ਬਾਬਾ ਜੀ ੧੩—੧੪ ਮੀਲ ਦੀ ਵਿੱਥ ਤੇ ਬੀੜ ਸਾਹਿਬ ਬਿਰਾਜਦੇ ਸਨ। ਦੂਰੋਂ ਧੂੜ ਉਡਦੀ ਵੇਖ ਕੇ ਬਾਬਾ ਜੀ ਨੇ ਨਾਲ ਦੇ ਸਿਖਾਂ ਨੂੰ ਪੁਛਿਆ ਕਿ ਇਹ ਧੂੜ ਕਾਹਦੀ ਹੈ ਤਾਂ ਸਿਖਾਂ ਆਖਿਆ ਕਿ 'ਗੁਰੂ ਕੇ' ਆ ਰਹੇ ਹਨ। ਬਾਬਾ ਜੀ ਨੇ ਸਹਿਜ ਸੁਭਾਇ ਬਚਨ ਕੀਤਾ ਕਿ ਗੁਰੂ ਕਿਆਂ ਨੂੰ ਕੀ ਭਾਜੜਾਂ ਪੈ ਗਈਆਂ ! ਗੁਰਸਿਖਾਂ ਨੇ ਬਾਬਾ ਜੀ ਦੇ ਇਹੋ ਬਚਨ ਮਾਤਾ ਜੀ ਨੂੰ ਜਾ ਦਸੇ ਤਾਂ ਉਹ ਬੜੇ ਪ੍ਰੇਸ਼ਾਨ ਹੋਏ। ਦਰਸ਼ਨ ਕਰ ਕੇ ਸਤਿਗੁਰਾਂ ਪਾਸ ਵਾਪਸ ਆ, ਸਾਰੀ ਵਾਰਤਾ ਸੁਣਾਈ ਅਤੇ ਦਸਿਆ ਕਿ ਬਾਬਾ ਜੀ ਦੇ ਸਹਿਜ ਸੁਭਾਇ ਬਚਨਾਂ ਅਨੁਸਾਰ ਤਾਂ ਗੁਰੂ ਕਿਆਂ ਨੂੰ ਭਾਜੜਾਂ ਪੈਣੀਆਂ ਮਿਲ ਗਈਆਂ ਹਨ ।



www.AKJ.Org

ਸਤਿਗੁਰੂ ਪਾਤਸ਼ਾਹ ਪਿਆਰ-ਰੰਗਾਂ ਵਿਚ ਆਏ ਅਤੇ ਦਿਆਲਤਾ ਵਿਚ ਬੋਲੇ ਕਿ ਮਹਾਂ ਪੁਰਖਾਂ ਦੇ ਦਰਸ਼ਨਾਂ ਲਈ ਨੰਗੀਂ ਪੈਰੀਂ ਪੈਦਲ ਜਾਣਾ ਬਣਦਾ ਹੈ। ਹਥੀਂ ਕਾਰ ਕਮਾ ਕੇ ਲੰਗਰ ਤਿਆਰ ਕਰੋ ਤੇ ਬਾਬਾ ਜੀ ਲਈ ਮਿਸੇ ਪਰਸ਼ਾਦੇ, ਲੱਸੀ ਦਾ ਮਟਕਾ ਅਤੇ ਗੰਢੇ ਸਿਰ ਤੇ ਚੁਕ ਕੇ ਨਿਮਰੀ-ਭੂਤ ਹੋ ਕੇ ਜਾਓ। ਨਿਗ੍ਰਮਾਣ ਸੇਵਾ ਰਾਹੀਂ ਹੀ ਬਖ਼ਸ਼ਸ਼ ਪ੍ਰਾਪਤ ਹੁੰਦੀ ਹੈ।

ਹੁਣ ਮਾਤਾ ਜੀ ਨੇ ਆਪਣੇ ਹੱਥੀਂ ਚੱਕੀ ਨਾਲ ਆਟਾ ਪੀਠਾ, ਆਟਾ ਗੁੰਨ੍ਹ ਕੇ ਮਿਸੇ ਪਰਸ਼ਾਦੇ ਸਜਾਏ। ਪਰਸ਼ਾਦੇ ਤੇ ਲੱਸੀ ਦਾ ਮਟਕਾ ਸਿਰ ਤੇ ਚੁਕ ਕੇ, ੧੩ ਮੀਲ ਪੰਧ ਕਰ ਕੇ ਇਕੱਲਿਆਂ ਹੀ ਬਾਬਾ ਬੁੱਢਾ ਜੀ ਦੀ ਸੇਵਾ ਵਿਚ ਹਾਜ਼ਰ ਹੋਏ। ਬਾਬਾ ਜੀ ਮਾਤਾ ਗੰਗਾ ਜੀ ਨੂੰ ਇਸ ਤਰ੍ਹਾਂ ਆਉਂਦਿਆਂ ਦੇਖ ਕੇ ਬਹੁਤ ਕ੍ਰਿਤ-ਕ੍ਰਿਤ ਹੋਏ ਤੇ ਆਖਿਓਨੇ ਕਿ ਮਾਤਾ ਜੀ ਛੇਤੀ ਪਰਸ਼ਾਦ ਛਕਾਓ, ਬਹੁਤ ਭੁੱਖ ਲਗੀ ਹੈ। ਬਾਬਾ ਜੀ ਅਨੰਦ ਮਗਨ ਹੋ ਕੇ ਪਰਸ਼ਾਦ ਛਕੀ ਜਾ ਰਹੇ ਹਨ, ਗੰਢੇ ਮੁੱਕੀ ਨਾਲ ਭੰਨ ਰਹੇ ਹਨ ਅਤੇ ਮੂੰਹੋਂ ਬਚਨ ਕਰਦੇ ਹਨ, "ਮਾਤਾ ਜੀ, ਆਪ ਦੇ ਗ੍ਰਿਹਿ ਅਜਿਹਾ ਬਲੀ ਜਨਮੇਗਾ ਜੋ ਤੁਰਕਾਂ ਦੇ ਸਿਰ ਇਨ੍ਹਾਂ ਗੰਢਿਆਂ ਵਾਂਗ ਭੰਨੇਗਾ।" ਬਾਬਾ ਜੀ ਦੇ ਉਪਰੋਕਤ ਵਾਕ ਇੰਨ-ਬਿੰਨ ਪੂਰਨ ਹੋਏ।

ਪ੍ਰਿਥੀਚੰਦ ਦੀ ਈਰਖਾ ਤੇ ਵਿਰੋਧੀ ਢੰਗਾਂ ਤੋਂ ਲਾਂਭੇ ਹੋਣ ਲਈ ਸਤਿਗੁਰੂ ਅਰਜਨ ਦੇਵ ਜੀ ਮਾਤਾ ਗੰਗਾ ਜੀ ਸਮੇਤ ਸ੍ਰੀ ਅੰਮ੍ਰਿਤਸਰ ਤੋਂ ਲਹਿੰਦੇ ਪਾਸੇ ਛੇ ਸਤ ਮੀਲ ਦੀ ਵਿਥ ਤੇ ਵਡਾਲੀ ਸਾਹਿਬ ਆ ਟਿਕੇ। ਇਥੇ ਹੀ ਜੂਨ ੧੫੯੫ ਵਿਚ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਦਾ ਜਨਮ ਹੋਇਆ। ਸਤਿਗੁਰੂ ਪਾਤਸ਼ਾਹ ਉਸ ਸਮੇਂ ਮਾਝੇ ਦੇ ਪਿੰਡਾਂ ਵਿਚ ਪਰਚਾਰ ਹਿਤ ਵਿਚਰ ਰਹੇ ਸਨ। ਸਾਹਿਬਜ਼ਾਦੇ ਦੇ ਜਨਮ ਦੀ ਸੋਇ ਸੁਣ ਕੇ ਆਪ ਜੀ ਅਕਾਲ ਪੁਰਖ ਦੇ ਸ਼ੁਕਰਾਨੇ ਵਿਚ ਜੁੜ ਗਏ ਤੇ ਉਪਰੋਕਤ ਸ਼ਬਦ ਉਚਾਰਨ ਕੀਤਾ।

ਅਕਾਲ ਪੁਰਖ ਦੀ ਗੋਦੀ ਦਾ ਅਨੰਦ ਮਾਣਦੇ ਹੋਏ ਆਪ ਜੀ ਬਿਨੈ ਕਰਦੇ ਹਨ ਕਿ

**ਵਿਆਖਿਆ :—**

ਸਚ-ਸਰੂਪ ਗੁਰੂ ਨਾਨਕ ਜੀ ਨੇ ਆਪ ਕਿਰਪਾ ਕੀਤੀ ਹੈ ਅਤੇ ਗੁਰੂ ਹਰਿ ਗੋਬਿੰਦ ਸਾਹਿਬ ਨੂੰ ਸੱਚੀ ਦਰਗਾਹ ਤੋਂ ਮਾਤ ਲੋਕ ਵਿਖੇ ਭੇਜ ਦਿੱਤਾ ਹੈ। ਇਹ ਬਾਲਕ ਪੂਰਬਲੇ ਸੰਜੋਗਾਂ ਕਾਰਨ ਸਾਡੇ ਗ੍ਰਿਹਿ ਵਿਖੇ ਉਪਜਿਆ ਹੈ, ਜੋ ਚਿਰ-ਜੀਵਨ ਵਾਲਾ ਜੁਗਾਂ ਜੁਗਾਂਤਰਾਂ ਤਕ ਕਾਇਮ ਹੈ। ਐਸੇ ਚਿਰ-ਜੀਵੀ ਬਾਲਕ ਨੇ ਮਾਤਾ ਦੇ ਪੇਟ ਵਿਚ ਆ ਕੇ ਨਿਵਾਸ ਲਿਆ,ਜਿਸ ਕਾਰਨ ਮਾਤਾ ਜੀ ਦੇ ਮਨ ਵਿਚ ਅਤਯੰਤ ਹੁਲਾਸ, ਖੇੜਾ ਤੇ ਬਿਗਾਸ ਬਿਗਸਿਆ ਹੈ।

ਇਹ ਬਾਲਕ ਜੋ ਜਨਮਿਆ ਹੈ, ਇਹ ਕੋਈ ਸਧਾਰਨ ਜੀਵ ਨਹੀਂ, ਸਗੋਂ ਇਹ ਤਾਂ ਗੋਬਿੰਦ ਪ੍ਰਭੂ ਦਾ ਭਗਤ ਹੈ, ਉਸ ਦਾ ਖ਼ਾਸੁਲ ਖ਼ਾਸ ਆਪਣਾ ਪਿਆਰਾ ਹੈ। ਇਹ ਗੱਲ ਸਾਰੀ ਸੰਗਤ ਵਿਚ ਪ੍ਰਗਟ ਹੋ ਗਈ ਹੈ ਅਤੇ ਇਹ ਸਾਰੀ ਖੇਡ ਧੁਰ ਦੀ ਲਿਖੀ ਹੋਈ ਹੈ।

ਅਕਾਲ ਪੁਰਖ ਦੇ ਹੁਕਮ ਨਾਲ ਦਸਾਂ ਮਹੀਨਿਆਂ ਪਿਛੋਂ ਬਾਲਕ ਨੇ ਜਨਮ ਲਿਆ। ਸਭ ਦੇ ਹਿਰਦਿਆਂ ਵਿਚ ਜੋ ਸੋਗ ਛਾਇਆ ਹੋਇਆ ਸੀ, ਉਹ ਬਾਲਕ ਦੇ ਜਨਮ ਲੈਣ ਨਾਲ ਦੂਰ ਹੋ ਗਿਆ, ਸਭ ਦੇ ਵਿਸੂਰੇ ਤੇ ਹਾਵੇ ਮਿਟ ਗਏ ਅਤੇ ਸਭ ਪਾਸੇ ਅਨੰਦ ਹੀ ਅਨੰਦ ਛਾ ਗਿਆ। ਸਭ ਗੁਰਸਿਖ-ਸਖੀਆਂ ਇਸ ਖ਼ੁਸ਼ੀ ਤੇ ਮੰਗਲ ਸਮੇਂ 'ਅਨੰਦੁ' ਗਾਉਂਦੀਆਂ ਹਨ ਅਤੇ ਉਹ ਐਸਾ ਅਨੰਦ ਗਾਉਂਦੀਆਂ ਹਨ ਜੋ ਸਚੇ ਸਾਹਿਬ ਅਕਾਲ ਪੁਰਖ ਦੇ ਮਨ ਵਿਚ ਭਾਉਂਦਾ ਹੈ।

ਬਾਲਕ ਦੇ ਜਨਮ ਲੈਣ ਨਾਲ ਗੁਰਸਿਖਾਂ ਦੀ ਸੰਭਾਲ ਕਰਨ ਵਾਲੇ ਪਰਵਾਰ ਵਿਚ ਵਾਧਾ ਹੋਇਆ ਹੈ ਅਤੇ ਗੁਰੂ-ਕੁਲ ਦੇ ਖ਼ਾਨਦਾਨ ਦੀਆਂ ਅਗਲੀਆਂ ਪੁਸ਼ਤਾਂ ਦਾ ਸਿਲਸਿਲਾ ਜਾਰੀ ਰਹਿ ਰਿਹਾ ਹੈ। ਅਕਾਲ ਪੁਰਖ ਸਿਰਜਣਹਾਰ ਨੇ ਆਪ ਬਖ਼ਸ਼ਸ਼ ਕਰ ਕੇ ਧਰਮ ਦੇ ਪਰਬੰਧ ਨੂੰ ਕਾਇਮ ਰਖਣ ਦਾ ਇਹ ਪਰਬੰਧ ਕੀਤਾ ਹੈ। ਸਤਿਗੁਰੂ ਗੁਰੂ ਨਾਨਕ ਪਾਤਸ਼ਾਹ ਨੇ ਆਪ ਕਿਰਪਾ ਕਰ ਕੇ ਮਨ-ਇੱਛਤ ਮੁਰਾਦਾਂ ਪੂਰੀਆਂ ਕੀਤੀਆਂ ਹਨ ਅਤੇ ਬਾਲਕ ਦੀ ਦਾਤ ਬਖ਼ਸ਼ੀ ਹੈ। ਇਸ ਅਨੰਦ-ਪ੍ਰਾਪਤੀ ਨਾਲ ਸਭ ਚਿੰਤ-ਵਿਸੂਰੇ ਮਿਟ ਗਏ ਹਨ ਅਤੇ ਅਚਿੰਤ, ਬੇ-ਫ਼ਿਕਰ ਹੋ ਕੇ ਇਕ ਵਾਹਿਗੁਰੂ ਜੀ ਦੇ ਚਰਨਾਂ ਦੀ ਲਿਵ ਲਗ ਗਈ ਹੈ।

ਜਿਵੇਂ ਬਾਲਕ ਨੂੰ ਆਪਣੇ ਪਿਤਾ ਉਪਰ ਬੇਅੰਤ



www.AKJ.Org

ਮਾਣ ਹੁੰਦਾ ਹੈ ਇਵੇਂ ਹੀ ਮੇਰੇ ਸਾਹਿਬ ਜੀ, ਦਾਸ ਨੂੰ ਆਪ ਉਪਰ ਅਤਯੰਤ ਮਾਣ ਹੈ ਅਤੇ ਜਿਵੇਂ ਆਪ ਜੀ ਨੂੰ ਭਾਉਂਦਾ ਹੈ ਤਿਵੇਂ ਮੈਂ ਤੇਰਾ ਬੋਲਾਇਆ ਹੋਇਆ ਬੋਲਦਾ ਹਾਂ। ਇਹ ਗੱਲ ਹੁਣ ਲੁਕੀ ਛਿਪੀ ਨਹੀਂ, ਪਰਗਟ-ਪਹਾਰੇ ਹੈ ਕਿ ਗੁਰੂ ਨਾਨਕ ਨਿਰੰਕਾਰ ਆਪ ਤਰੁੱਠਾ ਹੈ ਅਤੇ ਉਸ ਨੇ ਇਹ ਬਾਲਕ ਦੀ ਦਾਤ ਬਖ਼ਸ਼ਸ਼ ਕੀਤੀ ਹੈ।

ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਅਕਾਲ ਪੁਰਖ ਦਾ ਧੰਨਵਾਦ ਕਰਦੇ ਹੋਏ ਵਾਹਿਗੁਰੂ ਜੀ ਵਿਚ ਲਿਵ ਜੋੜ ਕੇ ਚਰਨ-ਕਮਲਾਂ ਦੇ ਅਨੰਦ ਨੂੰ ਮਾਣੀ ਜਾਂਦੇ ਹਨ।

**ਸ਼ਬਦ ਦਾ ਭਾਵ :—**

ਗੁਰਬਾਣੀ ਵਿਚ ਉਚਾਰੇ ਗਏ ਹਰ ਇਕ ਸ਼ਬਦ, ਖ਼ਿਆਲ ਜਾਂ ਭਾਵ ਦਾ ਸੰਬੰਧ ਹਰੇਕ ਜੀਵ ਦੇ ਨਾਲ ਸਿੱਧਾ ਤੇ ਪਰਮਾਰਥੀ ਹੈ, ਜਿਹਾ ਕਿ ਫ਼ੁਰਮਾਨ ਹੈ :—

ਪਰਥਾਇ ਸਾਖੀ ਮਹਾਪੁਰਖ ਬੋਲਦੇ
ਸਾਝੀ ਸਗਲ ਜਹਾਨੈ ॥

ਉਪਰੋਕਤ ਸ਼ਬਦ ਵਿਚ ਵੀ ਇਹੋ ਅਟੱਲ ਨਿਯਮ ਤੇ ਭਾਵ ਸਪੱਸ਼ਟ ਹੈ ਕਿ ਨਾਮ ਦਾ ਹਿਰਦੇ ਵਿਚ ਵਸ-ਰਸ ਕੇ ਜੋਤ ਦਾ ਪਰਗਟ ਹੋਣਾ ਮਾਤਾ ਦੇ ਗਰਭ ਤੋਂ ਬੱਚੇ ਦੇ ਜਨਮ ਲੈਣ ਦੀ ਨਿਆਈਂ ਹੈ। ਬਸ ਸਾਰਾ ਸ਼ਬਦ ਇਸੇ ਕੇਂਦਰਤ ਭਾਵ ਦੇ ਸਨਮੁਖ ਉਚਾਰਨ ਹੋਇਆ ਹੈ। ਸਭ ਘਟਨਾਵਾਂ ਤੇ ਖ਼ੁਸ਼ੀਆਂ ਇਕੋ ਇਕ ਉਪਰੋਕਤ ਭਾਵ ਦੇ ਮੰਗਲਾਚਾਰ, ਖ਼ੁਸ਼ੀਆਂ ਤੇ ਸਦ-ਵਿਗਾਸ ਵਿਚ ਉਚਾਰਨ ਹੋਈਆਂ ਵੀਆਂ ਹਨ।

ਅਕਾਲ ਪੁਰਖ ਦੇ ਹੁਕਮ ਨਾਲ ਜੀਵ ਇਸ ਸੰਸਾਰ ਵਿਚ ਆਉਂਦਾ ਹੈ। ਇਥੇ ਸਤਿਗੁਰੂ ਦੀ ਬਖ਼ਸ਼ਸ਼ ਨਾਲ ਸੰਗਤ ਪ੍ਰਾਪਤ ਹੁੰਦੀ ਹੈ ਜਿਸ ਨਾਲ ਗੁਰਮੁਖ ਹਿਰਦੇ ਵਿਚ ਅਟੱਲ ਆਤਮਕ ਜੀਵਨ ਪੈਦਾ ਹੁੰਦਾ ਹੈ। ਜਿਵੇਂ ਜਦੋਂ ਮਾਂ ਦੇ ਪੇਟ ਵਿਚ ਬੱਚਾ ਆ ਨਿਵਾਸ ਕਰਦਾ ਹੈ ਤਾਂ ਮਾਂ ਦੇ ਮਨ ਵਿਚ ਬਹੁਤ ਖ਼ੁਸ਼ੀ ਹੁੰਦੀ ਹੈ ਤਿਵੇਂ ਸਿਖ ਦੇ ਹਿਰਦੇ ਅੰਦਰ ਆਤਮੰਕ ਜੀਵਨ-ਜੋਤ ਦਾ ਪਰਗਟ ਹੋਣਾ ਅਨੰਦ, ਵਿਗਾਸ ਤੇ ਖ਼ੁਸ਼ੀਆਂ ਪੈਦਾ ਕਰਦਾ ਹੈ। ਫਿਰ ਸਭ ਸੋਗ ਤੇ ਵਿਸੂਰੇ ਮਿਟ ਜਾਂਦੇ ਹਨ। ਤਦੋਂ ਅਜਿਹੇ ਵਡਭਾਗੇ ਗੁਰਸਿਖ ਦੀ ਸੁਰਤੀ ਦੀ ਸੱਚੀ ਲਿਵ ਪਰਮਾਤਮਾ ਨਾਲ ਜੁੜ ਜਾਂਦੀ ਹੈ ਅਤੇ ਮਨ-ਇੱਛਤ ਫਲ ਪ੍ਰਾਪਤ ਹੁੰਦੇ ਹਨ। ਇਹੋ ਵਧ ਰਹੀ ਵੇਲ ਤੇ ਚਲ ਰਹੀ ਪੀੜ੍ਹੀ ਹੈ। ਸੱਚੀਆਂ ਸੁਹਾਗਵੰਤੀਆਂ ਦਾ ਵਾਧਾ ਹੋਣਾ ਹੀ ਜੁਗੋ ਜੁਗ ਪੀੜ੍ਹੀ ਚਲਣੀ ਹੈ। ਧਰਮ-ਕਲਾ ਦਾ ਹਿਰਦ-ਸੁਹਿਰਦੀ ਸੁਰਜੀਤ ਰਹਿਣਾ ਸੱਚਾ ਬੰਨ੍ਹਣ ਹੈ। ਅਜਿਹਾ ਵਰਤਾਰਾ ਲੁਕਾਇਆਂ ਨਹੀਂ ਲੁਕ ਸਕਦਾ, ਕਿਉਂਕਿ ਸੱਚੀ ਦਰਗਾਹ ਤੋਂ ਸਤਿਗੁਰੂ ਦੁਆਰਾ ਇਹ ਬਖ਼ਸ਼ਸ਼ਾਂ ਹੋਈਆਂ ਹੁੰਦੀਆਂ ਹਨ, ਜੋ ਸਦੀਵੀ ਤੇ ਚਿਰੰਜੀਵ ਕਾਇਮ ਦਾਇਮ ਰਹਿੰਦੀਆਂ ਹਨ। ਇਹੋ ਹੀ ਸਤਿਗੁਰ ਗੁਰੂ ਨਾਨਕ ਸਾਹਿਬ ਜੀ ਦਾ ਤਰੁੱਠਣਾ ਅਤੇ ਦਾਤ ਬਖ਼ਸ਼ਣਾ ਹੈ।

---

# ਕੁਰਬਾਣੀ ਤਿਨਾ ਗੁਰਸਿਖਾ ਭਾਇ ਭਗਤਿ ਗੁਰਪੁਰਬ ਕਰੰਦੇ

ਕੁਰਬਾਣੀ ਤਿਨ ਗੁਰਸਿਖਾ, ਪਿਛਲ ਰਾਤੀ ਉਠਿ ਬਹੰਦੇ ॥
ਕੁਰਬਾਣੀ ਤਿਨਾ ਗੁਰਸਿਖਾ, ਅੰਮ੍ਰਿਤ ਵੇਲੈ ਸਰਿ ਨਾਵੰਦੇ ॥
ਕੁਰਬਾਣੀ ਤਿਨਾ ਗੁਰਸਿਖਾ, ਹੋਇ ਇਕ ਮਨਿ ਗੁਰ ਜਾਪੁ ਜਪੰਦੇ ॥
ਕੁਰਬਾਣੀ ਤਿਨਾ ਗੁਰਸਿਖਾ, ਸਾਧ ਸੰਗਤਿ ਚਲਿ ਜਾਇ ਜੁੜੰਦੇ ॥
ਕੁਰਬਾਣੀ ਤਿਨਾ ਗੁਰਸਿਖਾ, ਗੁਰਬਾਣੀ ਨਿਤਿ ਆਇ ਸੁਣੰਦੇ ॥
ਕੁਰਬਾਣੀ ਤਿਨਾ ਗੁਰਸਿਖਾ, ਮਨ ਮੇਲੀ ਕਰਿ ਮੇਲਿ ਮਿਲੰਦੇ ॥
ਕੁਰਬਾਣੀ ਤਿਨਾ ਗੁਰਸਿਖਾ, ਭਾਇ ਭਗਤਿ ਗੁਰਪੁਰਬ ਕਰੰਦੇ ॥
ਗੁਰ ਸੇਵਾ ਫਲ ਸੁਫਲੁ ਫਲੰਦੇ ॥੨॥ [ਭਾਈ ਗੁਰਦਾਸ ਜੀ, ਵਾਰ ੧੨



www.AKJ.Org

# ਗੁਰੂ ਅਕਾਲ ਪੁਰਖ ਦਾ ਧਿਆਨ ਕਿਵੇਂ ਧਰੀਦਾ ਹੈ

[ ਵਲੋਂ—ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ]

ਸਮਰਥ ਪੂਰਨ ਪਾਰਬ੍ਰਹਮ ਪਰਮੇਸਰ ਦਾ ਧਿਆਨ ਸੋਈ ਜਨ ਧਰ ਸਕਦਾ ਹੈ ਜਿਸ ਦਾ ਪੂਰਾ ਕਰਮ ਅੰਕੂਰ ਭਾਗ ਜਾਗਿਆ ਹੋਵੇ । ਅਗਮ ਅਗੋਚਰ ਅਦ੍ਰਿਸ਼ਟ ਪਾਰਬ੍ਰਹਮ ਨਿਰੰਕਾਰ, ਜਿਸ ਦਾ ਕੋਈ ਆਕਾਰ ਨਹੀਂ, ਜੋ ਦ੍ਰਿਸ਼ਟਮਾਨ ਸਾਕਾਰ ਪਦਾਰਥਾਂ ਵਾਂਗੂ ਅਤੇ ਸਾਕਾਰਕ ਮੂਰਤੀਆਂ ਵਾਂਗੂ ਮੂਰਤੀਮਾਨ ਅਤੇ ਦ੍ਰਿਸ਼ਟੀ-ਗੋਚਰਾ ਨਹੀਂ, ਉਸ ਦਾ ਧਿਆਨ ਧਰਨਾ ਕੋਈ ਸੁਖਾਲੀ ਗੱਲ ਨਹੀਂ । ਜੋ ਵਾਹਿਗੁਰੂ ਅਕਾਲ ਮੂਰਤੀ ਵਾਲਾ ਹੈ, ਜਿਸ ਦਾ ਵਜੂਦ ਕਾਲ ਚੱਕਰ ਚਿਹਨ ਬਿਹੂਣਾ ਅਕਾਲ ਸਰੂਪਾ ਹੈ, ਉਸ ਦਾ ਕੋਈ ਧਿਆਨ ਧਰੇ ਤਾਂ ਕਿਵੇਂ ਧਰੇ ? ਪੰਜ-ਭੂਤਕ ਅਗਿਆਨ-ਇੰਦਰੇ ਦ੍ਰਿਸ਼ਟਮਾਨ ਪਸਾਰੇ ਤੋਂ ਉਪਰ ਅਤੇ ਅਗੋਚਰੀ ਗਿਆਤ ਤੋਂ ਸੱਖਣੇ ਤੇ ਉਰੇ ਹਨ । ਗਿਆਤਾਕਾਰ ਦਾ ਗਿਆਤਾਕਾਰੀ ਧਿਆਨ ਤਾਂ ਧਿਆਨਿਆ ਜਾ ਸਕਦਾ ਹੈ, ਗਿਆਤ ਅਗੋਚਰੇ ਪੰਜ-ਭੂਤਕ ਇੰਦ੍ਰਿਆਂ ਦੀ ਗਿਆਤ ਦਾਇਰੇ ਤੋਂ ਬਾਹਰ ਅਪ੍ਰੰਪਰੇ ਵਜੂਦ ਦਾ ਅਨੁਮਾਨ ਹੀ ਲਾਇਆ ਜਾ ਸਕਦਾ ਹੈ, ਉਸ ਦਾ ਅਪ੍ਰੱਕਸ਼ ਗਿਆਨ ਨਹੀਂ ਹੋ ਸਕਦਾ, ਨਾਹੀ ਧਿਆਨ ਜਮਾਇਆ ਜਾ ਸਕਦਾ ਹੈ ।

ਆਨਮਤਾਂ ਵਾਲਿਆਂ ਨੂੰ ਤਾਂ ਕੀ ਆਖਣਾ ਹੈ ਜਿਨ੍ਹਾਂ ਨੂੰ ਗੁਰਮਤਿ ਦਾ ਬੋਧ ਹੀ ਨਹੀਂ । ਅਸਾਡੇ ਗੁਰਮਤਿ ਮਤ-ਅਵਲੰਬੀ ਕਈ ਭਲੇ ਤੇ ਉੱਘੇ ਉੱਘੇ ਸੰਤ-ਮੰਡਲੀਆਂ ਵਾਲਿਆਂ ਨੂੰ ਭੀ ਧਿਆਨ ਧਰਨ ਦਾ ਥਹੁ-ਪਤਾ ਨਹੀਂ । ਉਹ ਗੁਰਮਤਿ ਤੋਂ ਉਲਟ ਮਨ-ਆਈਆਂ ਉਕਤੀਆਂ ਯੁਕਤੀਆਂ ਵਾਲਾ ਪੱਕੜ ਧਿਆਨ, ਕੁਫੱਕੜ ਧਿਆਨ ਧਰਦੇ ਧਰਾਉਂਦੇ ਹਨ । ਕਈ ਤਾਂ ਆਨ-ਮਤੀਆਂ ਦੀ ਰੀਸੇ ਮੂਰਤੀਆਂ ਨੂੰ ਮੂਹਰੇ ਰਖ ਕੇ ਧਿਆਨ ਜਮਾਉਣ ਦਾ ਕੁਫੱਕੜ ਰਚਦੇ ਹਨ । ਕਈ ਗੁਰੂ ਨਾਨਕ ਦੀ ਫ਼ੋਟੋ ਨੂੰ ਅਗੇ ਰਖ ਕੇ ਧਿਆਨ-ਜਮਾਉਣੀ ਦ੍ਰਿਸ਼ਟੀ ਦਾ ਹੀ ਵਿਸ਼ਾ ਬਣਾਉਂਦੇ ਹਨ । ਕਈ ਗਏ-ਗੁਜ਼ਰੇ ਅਸੰਤ-ਮਤੀ ਸੰਤ ਸਦਾਉਣਹਾਰੇ ਆਪਣੀ ਹੀ ਤਸਵੀਰ ਪੂਜਾ ਦੇ ਦ੍ਰਿਸ਼ਟ-ਧਿਆਨ ਪੁਜਾਰੀ ਲੋਕਾਂ ਨੂੰ ਬਣਾਉਂਦੇ ਹਨ । ਇਸ ਪਰਕਾਰ ਦੇ ਬੜੇ ਹੀ ਨੀਵੇਂ ਦਰਜੇ ਦੇ ਧਿਆਨ-ਅਵਲੰਬੀ ਅਸਾਡੇ ਹੀ ਅੰਦਰ ਪੈਦਾ ਹੋ ਗਏ ਹਨ; ਜੋ ਗੁਰਮਤਿ ਦੇ ਤੱਤ-ਧਿਆਨ-ਆਸ਼ੇ ਦੇ ਆਦਰਸ਼ ਤੋਂ ਕੋਸੋਂ ਦੂਰ ਹਨ ।

ਅਲਪੱਗ ਵਜੂਦ ਦੀ ਮੂਰਤੀ ਦਾ ਧਿਆਨ ਧਰਨਾ ਤਾਂ ਮਹਾਂ ਪਾਪ ਹੈ, ਸਰਬੱਗ ਸਤਿਗੁਰਾਂ ਦੀਆਂ ਪਰਚਲਤ ਫ਼ੋਟੋ ਤਸਵੀਰਾਂ ਸਭ ਫ਼ਰਜ਼ੀ ਹਨ, ਨਾਹੀਂ ਗੁਰੂ ਦੀ ਕੋਈ ਮੂਰਤੀ ਸਾਕਾਰਕ ਹੈ । "ਗੁਰ ਮੂਰਤਿ ਗੁਰ ਸਬਦੁ ਹੈ" ਐਸੀ ਗੁਰ ਦੀ ਮੂਰਤੀ ਦਾ ਧਿਆਨ ਅਸੀਂ ਮਨ ਮਾਹਿ ਜਮਾਉਣਾ ਹੈ । "ਗੁਰ ਕੀ ਮੂਰਤਿ ਮਨਿ ਮਹਿ ਧਿਆਨੁ ।" ਗੁਰੂ ਸ਼ਬਦ ਨਾਲ ਸੁਰਤੀ ਜੋੜਨੀ ਗੁਰੂ ਕੀ ਮੂਰਤੀ ਨਾਲ ਧਿਆਨ ਧਰਨਾ ਹੈ । **ਗੁਰੂ ਸ਼ਬਦ ਨਾਲ ਸੁਰਤੀ ਜੋੜਨ ਦਾ ਪਹਿਲਾ ਮਰਹਲਾ "ਸਬਦੁ ਗੁਰੂ ਸੁਰਤਿ ਧੁਨਿ ਚੇਲਾ" ਗੁਰਵਾਕ ਦੇ ਭਾਵ ਅਨੁਸਾਰ ਗੁਰੂ ਵਾਹਿਗੁਰੂ ਰੂਪੀ ਸ਼ਬਦ ਦੀ ਆਹਤ-ਧੁਨੀ ਦੇ ਨਾਲ ਸੁਰਤੀ ਰੂਪੀ ਧਿਆਨ ਨੂੰ ਜੋੜਨਾ ਹੈ । ਧਿਆਨ ਰੂਪੀ ਚੇਲਾ ਜਦੋਂ ਤਾਈਂ ਸ਼ਬਦ-ਧੁਨੀ ਰੂਪੀ ਗੁਰੂ ਨਾਲ ਨਾ ਜੁੜੇ ਤਦ ਤਾਈਂ ਗੁਰੂ ਤੇ ਚੇਲੇ ਦੀ, ਅਰਥਾਤ ਗੁਰੂ ਅਤੇ ਸਿਖ ਦੀ ਸੰਧ ਨਹੀਂ ਮਿਲਦੀ ।**

ਸ਼ਬਦ ਦਾ ਅਭਿਆਸ ਭਾਵੇਂ ਰਸਨਾ ਰੂਪੀ ਬੈਖਰੀ ਬਾਣੀ ਉਚਾਰਨ ਦੁਆਰਾ ਹੋਵੇ, ਭਾਵੇਂ ਸੁਆਸਾਂ ਦੁਆਰਾ ਹੋਵੇ, ਉਸ ਦੀ ਧੁਨੀ ਜ਼ਰੂਰ ਹੈ । ਭਾਵੇਂ ਮਧਮ ਤੋਂ ਮਧਮ ਅਤੇ ਸੂਖਮ ਹੀ ਹੋਵੇ । ਪਹਿਲੇ ਪ੍ਰਿਥਮੇ ਅਭਿਆਸੀ ਜਨ ਇਸ ਸ਼ਬਦ-ਧੁਨੀ ਨਾਲ ਸੁਰਤਿ ਜੋੜੇਗਾ । ਮੋੜ ਮੋੜ ਕੇ ਅਤੇ ਮੁੜ ਮੁੜ ਕੇ ਧਿਆਨ-ਸੁਰਤੀ ਨੂੰ ਸ਼ਬਦ-ਧੁਨੀ ਨਾਲ ਲਾਵੇਗਾ । ਜਿਉਂ ਜਿਉਂ ਲਾਵੇਗਾ ਅਤੇ ਜਿਤਨਾ ਜਿਤਨਾ ਲਾਵੇਗਾ ਤਿਤਨਾ ਤਿਤਨਾ ਅਤੇ ਤਿਉਂ ਤਿਉਂ ਗੁਰਸ਼ਬਦ ਦੀ ਪਾਰਸ-ਕਲਾ ਵਰਤੇਗੀ । ਧਿਆਨ ਜੋੜਦੇ ਜੋੜਦੇ ਜਦੋਂ ਇਕ ਛਿਨ ਮਾਤ੍ਰ ਭੀ ਸਮੂਚਾ ਧਿਆਨ ਸਮੁਚੀ ਸੁਰਤੀ ਦਾ,ਹਰਿ ਜਨ ਦਾ ਸ਼ਬਦ ਨਾਲ ਜੁੜ ਗਿਆ ਤਦੋਂ ਅਚਿੰਤੋਂ ਹੀ ਅੰਤਰਿ-ਆਤਮੇ ਰਸ-ਜੋਤਿ-ਪ੍ਰਕਾਸ਼ ਦਾ ਚਮਤਕਾਰ ਬਿਜਲੀ ਕਰੰਟ ਦੀ ਨਿਆਈਂ ਜ਼ਹੂਰ ਪਜ਼ੀਰ ਹੋ ਜਾਏਗਾ । ਰਸ-ਜੋਤਿ-



www.AKJ.Org

ਪ੍ਰਕਾਸ਼-ਚਮਤਕਾਰੇ ਦਾ ਇਹ ਨਦਰ-ਮੇਹਰੀ ਕ੍ਰਿਸ਼ਮਾ ਜਦੋਂ ਕ੍ਰਿਸ਼ਮਤ ਹੋ ਗਿਆ ਤਦੋਂ ਹੀ ਸ਼ਬਦ ਤੇ ਸੁਰਤਿ ਦਾ ਤਤ-ਵਾਸਤਵੀ ਮੇਲਾਵਾ ਬਣ ਆਵੇਗਾ। ਰਸ-ਜੋਤਿ ਦੇ ਅਗਾਧ ਸੁਆਦ ਨੇ ਸਦਾ ਹੀ ਅਤੇ ਸੁਤੇ ਸੁਭਾਵ ਹੀ ਸੁਰਤ, ਸ਼ਬਦ ਵਲ ਜੋੜੀ ਰਖਣੀ ਹੈ। ਸ਼ਬਦ ਅਭਿਆਸ ਦਾ ਅਸਲ ਅਨੰਦ ਹੀਂ ਅਭਿਆਸੀ ਜਨ ਨੂੰ ਇਸ ਆਤਮ-ਅਵਸਥਾ ਵਿਖੇ ਆਉਣਾ ਹੈ। ਜਿਉਂ ਜਿਉਂ ਇਹ ਅਨੰਦ ਵਧੇਗਾ ਤਿਉਂ ਤਿਉਂ ਅਭਿਆਸ ਭੀ ਸਹਿਜ-ਵਧਣੀ ਵਿਚ ਵਧਦਾ ਜਾਵੇਗਾ ਅਤੇ ਆਤਮ-ਜੋਤਿ-ਰਹੱਸਨੀ ਪ੍ਰਕਾਸ਼-ਕਲਾ ਦਾ ਪਸਾਰਾ ਭੀ ਅਧਿਕ ਤੋਂ ਅਧਿਕ ਪਸਰਦਾ ਜਾਵੇਗਾ। ਅੰਤਰਿ ਕ੍ਰਾਂਤੀ ਕਾਇਆਂ ਅੰਤ੍ਰੀਵੀ ਜੋਤਿ-ਪਸਾਰੇ ਦਾ ਪ੍ਰਕਾਸ਼ ਫੇਰ ਅੰਦਰੋਂ ਬਾਹਯਮੁਖੀ ਅਕਾਸ਼ ਪੁਲਾੜ ਦੇ ਅਕਾਰ ਪਸਾਰੇ ਵਿਚ ਸਾਰੇ ਹੀ ਪਸਰ ਨਿਕਲੇਗਾ। ਬਾਕੀ ਸਭ ਦੇਖਾ ਹੀ ਪਰਵਾਣ ਹੈ। ਕਹਿਬੇ ਕੋ ਸੋਭਾ ਨਹੀਂ। ਇਹ ਸਭ ਭਾਗਾਂ ਦੀ ਖੇਡ ਹੈ। ਯਥਾ ਗੁਰਵਾਕ :—

ਤੂ ਸਮਰਥੁ ਪੂਰਨ ਪਾਰਬ੍ਰਹਮੁ ॥
ਸੋ ਧਿਆਏ ਪੂਰਾ ਜਿਸੁ ਕਰਮੁ ॥੧॥
[ਰਾਮਕਲੀ ਮਹਲਾ ੫, ਪੰਨਾ ੮੯੩

ਗੁਰਮੁਖਾਂ ਦੇ ਇਸ ਗਿਆਨ-ਪ੍ਰਕਾਸ਼ੀ ਜੋਤਿ-ਧਿਆਨ ਦੀ ਡੋਰੀ ਵਾਹਿਗੁਰੂ ਆਪ ਫੜ ਕੇ ਤੁਣਕਦਾ ਹੈ। ਅਤੇ ਗੁਰਮੁਖਾਂ ਨੇ ਭੀ ਕੇਵਲ ਗੁਰੂ ਵਾਹਿਗੁਰੂ ਪ੍ਰਾਇਣ ਹੋ ਕੇ ਇਹ ਗਿਆਨ-ਜੋਤੀਸ਼ੀ ਧਿਆਨ-ਡੋਰੀ ਵਾਹਿਗੁਰੂ ਦੇ ਹੱਥ ਫੜਾਇ ਛਡੀ ਹੈ। ਆਪਣੀ ਮਨ ਮਰਜ਼ੀ ਅਤੇ ਮਤਸਰੀ ਉਕਤੀ ਯੁਕਤੀ ਸਭ ਮਿਟਾਇ ਛਡੀ ਹੈ। ਜਿਧਰ ਨੂੰ ਉਹ ਖਿੱਚਦਾ ਹੈ ਤਿਸੇ ਵਲ ਹੀ ਉਹ ਧਾਂਵਦੇ ਰੁਚੀ ਰੁਚਾਂਵਦੇ ਹਨ। ਮਨਮੁਖੀ ਦੀਵਾਨੇ ਕਮਲੇ ਲੋਕ, ਅਕਲ ਲਤੀਫ਼ੀਓਂ ਅੰਨ੍ਹੇ ਲੋਕ ਅੰਧ-ਮਤਿ ਭਰਮ ਦੇ ਭੁਲਾਏ ਹੋਏ, ਪਏ ਮਨ-ਉਕਤੀ ਅਤੇ ਆਨਮਤ ਉਕਤੀ ਦੇ ਕਰਮ ਕਰਦੇ ਹਨ। ਉਹਨਾਂ ਦੇ ਹੱਥ ਕੁਛ ਨਹੀਂ ਆਉਂਦਾ। ਨਾ ਉਹਨਾਂ ਨੂੰ ਕੁਝ ਹਾਸਲ ਹੁੰਦਾ ਹੈ। ਭਾਗਾਂ ਬਿਨਾਂ ਭਲਾ ਕੀ ਮਿਲ ਸਕਦਾ ਹੈ, ਜੈਸਾ ਕਿ ਗੁਰਵਾਕ ਹੈ :—

ਭਰਮਿ ਭੁਲਾਨੇ ਭਏ ਦਿਵਾਨੇ
ਵਿਣੁ ਭਾਗਾ ਕਿਆ ਪਾਈਐ ॥
ਗੁਰਮੁਖਿ ਗਿਆਨੁ ਡੋਰੀ ਪ੍ਰਭਿ ਪਕੜੀ
ਜਿਨ ਖਿੰਚੈ ਤਿਨ ਜਾਈਐ ॥
[ਰਾਮਕਲੀ ਓਅੰਕਾਰ, ਪੰਨਾ ੯੩੫

ਜਿਨ੍ਹਾਂ ਦਾ ਭਾਗ ਖੁਲ੍ਹਦਾ ਹੈ, ਜਾਗਦਾ ਹੈ, ਤਿਨ੍ਹਾਂ ਨੂੰ ਪ੍ਰਾਲਬਧੇ ਗੁਰੂ ਦੀ, ਸਚੇ ਸਤਿਗੁਰੂ ਦੀ ਪ੍ਰਾਪਤੀ ਹੁੰਦੀ ਹੈ। ਅਤੇ ਗੁਰੂ-ਘਰ ਦੀ ਸਤਿ-ਸੰਗਤਿ ਵਿਚ ਵਾਸਾ ਮਿਲਦਾ ਹੈ। ਤਿਥੋਂ ਪੰਜਾਂ ਪਿਆਰਿਆਂ ਦੀ ਸ਼ਰਨੀ ਆਏ ਨੂੰ, ਗੁਰਮੰਤ੍ਰ-ਦੀਖਿਆ ਗੁਰ-ਮੰਤ੍ਰ ਦੀ ਦਾਤਿ ਮਿਲਦੀ ਹੈ। ਤਿਸ ਗੁਰ-ਦੀਖਿਆ ਗੁਰ-ਮੰਤ੍ਰ ਦੀ ਅਥਾਹ ਅਭਿਆਸ-ਕਮਾਈ ਕਰ ਕੇ ਅਤੇ ਸ਼ਬਦ-ਸੁਰਤੀਸ਼ਰੀ-ਅਖੰਡਾਕਾਰ ਧਿਆਨ ਧਰ ਕੇ ਨਿਰੰਕਾਰ ਵਾਹਿਗੁਰੂ ਸਚਾ ਸੁਆਮੀ ਮਿਲਦਾ ਹੈ। ਯਥਾ ਗੁਰਵਾਕ :—

ਕਰਮੁ ਖੁਲਾ ਗੁਰੁ ਪਾਇਆ ਹਰਿ ਮਿਲਿਆ ਸੁਆਮੀ ॥
[ਮਾਰੂ ਵਾਰ, ਡਖਣੇ ਮ: ੫, ਪੰ: ੧੦੯੯

ਜਨਮ ਜਨਮ ਦੇ ਮਨਮਤ ਅਤੇ ਮਨਮੁਖੀ ਕੁਕਰਮਾਂ ਵਿਕਰਮਾਂ ਕਰਕੇ ਮਲੀਨ ਹੋਈ ਵੀ ਬੁੱਧੀ ਅੰਧ-ਅਗਿਆਨ ਦੀ ਨੀਂਦੇ ਸੁੱਤੀ ਰਹਿੰਦੀ ਹੈ। ਸੁੱਤੀ ਪਈ ਤਦੇ ਹੀ ਜਾਗਦੀ ਹੈ, ਜਦੋਂ ਅੰਧ-ਮਤਿ-ਬੁੱਧੀ ਵਾਲੇ ਦਾ ਕੋਈ ਕਰਮ ਅੰਕੂਰੀ ਭਾਗ ਜਾਗਦਾ ਹੈ। ਫੇਰ ਗੁਰੂ ਦੀ ਕਿਰਪਾ ਹੁੰਦੀ ਹੈ। ਗੁਰੂ ਕਿਰਪਾ ਕਰਦਾ ਹੈ ਤਾਂ ਇਹ ਮਨ ਜਾਗਦਾ ਹੈ। ਜਨਮ ਜਨਮ ਦਾ ਸੁੱਤਾ ਹੋਇਆ ਜਾਗ ਪੈਂਦਾ ਹੈ। ਤਾਂ ਇਸ ਮਨ ਦੀ ਦੁਰਮਤਿ ਮਤਿ ਮਲੀਣੀ ਦੁਬਿਧਾ ਮਰਦੀ ਹੈ। ਯਥਾ ਗੁਰਵਾਕ :—

ਕਰਮੁ ਹੋਵੈ ਗੁਰੁ ਕਿਰਪਾ ਕਰੈ ॥
ਇਹੁ ਮਨੁ ਜਾਗੈ ਇਸੁ ਮਨ ਕੀ ਦੁਬਿਧਾ ਮਰੈ ॥੪॥
[ਭੈਰਉ ਮਹਲਾ ੩, ਪੰ: ੧੧੨੯

ਪਰਮਾਰਥੀ ਆਸਤਕਤਾ ਵਾਲੇ ਵਾਹਿਗੁਰੂ ਦੇ ਪਾਸੇ ਸੋਈ ਜਨ ਲਗਦਾ ਹੈ ਅਤੇ ਸੋਈ ਜਨ ਵਾਹਿਗੁਰੂ ਦੀ ਸ਼ਰਨੀ ਆਉਂਦਾ ਹੈ ਜਿਸ ਦੇ ਗੁਰੂ ਨਾਨਕ ਦੀ ਕਿਰਪਾ ਨਾਲ ਪੂਰਨ ਭਾਗ ਜਾਗ ਪੈਂਦੇ ਹਨ :—

ਕਹੁ ਨਾਨਕ ਜਾ ਕੇ ਪੂਰਨ ਕਰਮਾ ॥
ਸੋ ਜਨੁ ਆਇਆ ਪ੍ਰਭ ਕੀ ਸਰਨਾ ॥
[ਭੈਰਉ ਮਹਲਾ ੫, ਪੰ: ੧੧੫੦

ਕਿਉਂਕਿ ਜਿਸਨੂੰ ਕਰਤਾਰ ਸੁਮਤਿ ਸੁਕਰਮੀ ਸੁਭਾਗ



www.AKJ.Org

ਬਖ਼ਸ਼ਦਾ ਹੈ ਤਿਸਦੀ ਹੀ ਰੁਚੀ ਗੁਰੂ-ਘਰ ਦੀ ਸਤਿ-ਸੰਗਤਿ ਕਰਨ ਦੀ ਸਚੜੀ ਕਾਰ ਵਲ ਲਗਦੀ ਹੈ। ਉਸ ਦਾ ਸਭ ਤੋਂ ਮੁਖ ਬਿਉਹਾਰ ਸਤਿਸੰਗ ਕਰਨਾ ਹੋ ਜਾਂਦਾ ਹੈ। ਯਥਾ ਗੁਰਵਾਕ :—

ਜਿਸ ਨੋ ਕਰਮੁ ਕਰੇ ਕਰਤਾਰੁ ॥
ਸਾਧ ਸੰਗਿ ਹੋਇ ਤਿਸੁ ਬਿਉਹਾਰੁ ॥

[ਭੈਰਉ ਮਹਲਾ ੫, ਪੰ: ੧੧੫੧

ਭਾਗਾਂ ਤੋਂ ਬਿਨਾਂ ਗੁਰੂ-ਘਰ ਦਾ ਸਤਿਸੰਗ ਨਹੀਂ ਲਭਦਾ। ਅਤੇ ਭਾਗਾਂ ਤੋਂ ਬਿਨਾਂ ਵਾਹਿਗੁਰੂ ਦੀ ਭਗਤੀ ਨਹੀਂ ਹੁੰਦੀ। ਜਿਨ੍ਹਾਂ ਦੇ ਕਰਮਾਂ ਵਿਚ ਪੂਰਬ ਅੰਕੂਰੀ ਭਗਤੀ ਦਾ ਭਾਗ ਲਿਖਿਆ ਹੁੰਦਾ ਹੈ ਤਿਨ੍ਹਾਂ ਨੂੰ ਹੀ ਗੁਰੂ ਅਤੇ ਗੁਰੂ-ਘਰ ਦਾ ਪਰਮਾਰਥੀ ਸੁਹਾਗ ਪ੍ਰਾਪਤ ਹੁੰਦਾ ਹੈ। ਵਾਹਿਗੁਰੂ ਦਾ ਨਾਮ ਅਤੇ ਨਾਮੀ ਵਾਹਿਗੁਰੂ ਭੀ ਕਰਮ-ਭਾਗ ਕਰਕੇ ਹੀ ਮਿਲਦਾ ਹੈ। ਯਥਾ ਗੁਰਵਾਕ :—

ਬਿਨੁ ਭਗਤੀ ਨਹੀ ਸਤਿਗੁਰ ਪਾਈਐ,
ਬਿਨੁ ਭਾਗਾ ਨਹੀ ਭਗਤਿ ਹਰੀ ॥
ਬਿਨੁ ਭਾਗਾ ਸਤਸੰਗੁ ਨ ਪਾਈਐ,
ਕਰਮਿ ਮਿਲੈ ਹਰਿ ਨਾਮੁ ਹਰੀ ॥੨॥

[ਬਸੰਤ ਹਿੰਡੋਲ ਮਹਲਾ ੧, ਪੰ: ੧੧੭੨

ਤਾਂ ਤੇ ਭਾਗਾਂ ਤੇ ਸ਼ਾਕਰ ਰਹਿਣਾ ਗੁਰਮਤਿ-ਜਗਿਆਸੂ ਜਨ ਲਈ ਅਤਿ ਜ਼ਰੂਰੀ ਹੈ। ਨਿਰਾ ਪੁਰਾ ਨਿਜ-ਕਰਤਤੀ ਕਰਮਾਂ ਦੀ ਆਕੜ 'ਤੇ ਰਹਿਣਾ ਮਹਾਂ ਮੂਰਖਤਾ ਹੈ। ਬਸ ਕਰਮ ਭਾਗ ਕਰਕੇ ਹੀ ਭਗਤੀ ਸੁਹਾਵੀ ਸਫਲ-ਫਲਾਵੀਂ ਹੋਂਦੀ ਹੈ। ਭਗਤੀ ਭਾਉ ਤੁੱਠਾ ਸਤਿਗੁਰੂ ਹੀ ਬਖ਼ਸ਼ਦਾ ਹੈ। ਜੈਸੇ ਭਗਤੀ ਭਾਉ ਸਤਿਗੁਰੂ ਦੀ ਬਖ਼ਸ਼ਸ਼ ਹੈ ਤੈਸੇ ਹੀ ਸਤਿਗੁਰੂ ਦੀ ਬਖ਼ਸ਼ਸ਼ ਨਾਲ ਵਾਹਿਗੁਰੂ ਦੇ ਸਚਖੰਡੀ ਮਹਿਲ ਦਰਬਾਰ ਵਿਚ ਥਾਉਂ ਮਿਲਦੀ ਹੈ। ਭਾਉ ਪ੍ਰੇਮ ਭਾਵਨਾ ਸੇਤੀ ਭਗਤੀ ਕਰੀ ਜਾਣੀ ਪਰਮ ਹੁਕਮ ਰਜ਼ਾਈ ਕਰਮ ਹੈ। ਪ੍ਰੇਮਾ ਭਗਤੀ ਓਸੇ ਦੀ ਥਾਂਇ ਪੈਂਦੀ ਹੈ ਜੋ ਗੁਰਮੁਖ ਜਨ ਭਗਤੀ ਭਾਵ ਕਰਦਾ ਹੋਇਆ ਭੀ ਵਾਹਿਗੁਰੂ-ਮਿਲਾਪ ਰੂਪੀ ਸੁਫਲ ਫਲ ਦੀ ਪ੍ਰਾਪਤੀ ਹਿਤ ਹੀ ਗੁਰੂ ਤੁਠੇ ਦੀ ਨਦਰ ਮੇਹਰ ਉਤੇ ਹੀ ਸ਼ਾਕਰ ਰਹਿੰਦਾ ਹੈ; ਆਪਣੀ ਭਗਤੀ ਰੂਪੀ ਸੁਕ੍ਰਿਤ ਕਰਮ ਉਤੇ ਹੀ ਸ਼ਾਕਰ ਨਹੀਂ ਰਹਿੰਦਾ। ਇਸ ਬਿਧਿ ਨਿਜ-ਭਗਤੀ ਉਤੇ ਨਿਰਭਰ ਰਹਿਣਾ ਸੂਖਸ਼ਮ ਅਹੰਗਤਾ ਉਤਪੱਤੀ ਦਾ ਕਾਰਨ ਬਣ ਜਾਂਦਾ ਹੈ। ਉਸ ਦੀ ਸੂਖਮ ਹਉਮੈ ਦੀ ਕਾਈ ਨਹੀਂ ਜਾਂਦੀ। ਸਤਿਗੁਰੂ ਦੀਆਂ, ਭਗਤੀ-ਦਾਤੇ ਸਤਿਗੁਰੂ ਦੀਆਂ ਨਦਰਾਂ ਮੇਹਰਾਂ ਤੇ ਸ਼ਾਕਰ ਰਹਿੰਦਿਆਂ ਹੀ ਵਾਹਿਗੁਰੂ ਦੇ ਮਹਿਲਾਂ ਵਿਚ ਥਾਉਂ ਮਿਲਦੀ ਹੈ। ਭਾਗਾਂ ਉਤੇ ਸ਼ਾਕਰ ਰਹਿਣਾ ਨਦਰੀ ਵਾਹਿਗੁਰੂ ਦੀ, ਮੇਹਰਬਾਨ ਸਤਿਗੁਰੂ ਦੀ ਨਦਰਾਂ ਮੇਹਰਾਂ ਦਾ ਪਾਤਰ ਬਣਨਾ ਹੈ। ਕਿਉਂਕਿ ਜਦੋਂ ਜਗਿਆਸੂ ਦੇ ਅੰਦਰ ਇਹ ਸੰਸਕਾਰ ਸਫੁਰਨ ਹੋ ਜਾਂਦਾ ਹੈ ਕਿ ਮੈਂ ਆਪਣੀ ਨਿਜ ਭਗਤਿ ਕਮਾਈ ਕਰਕੇ ਹੀ ਇਸ ਪਦ ਨੂੰ ਪ੍ਰਾਪਤ ਹੋਇਆ ਹਾਂ ਅਤੇ ਸਤਿਗੁਰੂ ਵਾਹਿਗੁਰੂ ਦੇ ਮਹਿਲਾਂ ਦਾ ਵਾਸਲ ਹੋਇਆ ਹਾਂ ਤਦੋਂ ਵਾਸਤਵ ਵਿਚ ਉਸ ਨੂੰ ਤੱਤ-ਪਦ ਦੀ ਪ੍ਰਾਪਤੀ ਨਹੀਂ ਹੋਈ ਹੁੰਦੀ। ਨਾਹੀਂ ਮਹਿਲੀ ਵਾਹਿਗੁਰੂ ਦੇ ਦਰ-ਘਰ ਮਹਿਲਾਂ ਦਾ ਵਾਸਾ ਪ੍ਰਾਪਤ ਹੋਇਆ ਹੁੰਦਾ ਹੈ; ਸਗੋਂ ਉਹ ਉਸ ਤੋਂ ਉਰੇਡੇ ਹੀ ਰਹਿ ਖੜੋਂਦਾ ਹੈ। ਇਸ ਸੂਖਮ ਹੰਕਾਰ ਤੋਂ ਹੀ ਇਹ ਅਸਥੂਲ ਅਹੰਕਾਰ ਉਪਜ ਖੜੋਂਦਾ ਹੈ ਕਿ ਅਜ ਮੇਰੇ ਸਾਰਖਾ ਕੋਈ ਨਹੀਂ, ਮੈਥੋਂ ਛੁਟ ਇਹ ਪਦ ਕਿਸੇ ਹੋਰਸ ਨੂੰ ਪ੍ਰਾਪਤ ਨਹੀਂ ਹੋਇਆ। ਇਹ ਇਕ ਪ੍ਰਕਾਰ ਦੀ ਦੂਜੇ ਪੁਗ-ਖਲੋਏ ਗੁਰਮੁਖਾਂ ਦੀ ਅਚੇਤ ਨਿੰਦਾ ਹੋ ਜਾਂਦੀ ਹੈ ਅਤੇ ਆਪਣਾ ਹੰਕਾਰ ਵਧ ਜਾਂਦਾ ਹੈ। ਜਿਨ੍ਹਾਂ ਨੂੰ ਸਚੀ ਗੁਰਮਤਿ ਭਗਤੀ ਦੀ ਜਾਗ ਲਗੀ ਹੈ, ਜੋ ਜਨ ਸਚੀ ਪਰਮਾਰਥਕ ਜਾਗ ਵਾਲੀ ਭਗਤੀ ਕਰਿ ਜਾਗ, ਸੁਭਾਗ ਹੋਏ ਹਨ ਤਿਨ੍ਹਾਂ ਨੂੰ ਇਸ ਪਰਕਾਰ ਦੀ ਅਚੇਤ ਨਿੰਦਾ-ਮਈ ਨਿਜ ਭਗਤਿ-ਹੰਕਾਰ ਸੰਸਕਾਰੀ, ਸੰਸਕਾਰ ਹੀ ਨਹੀਂ ਫੁਰਨ ਹੁੰਦੇ। ਉਹ ਤਾਂ ਇਸ ਪਰਕਾਰੀ ਨਿੰਦ-ਨਿੰਦਾਰੀ ਸੰਸਕਾਰਾਂ ਦਾ ਪਰਹਰਾਈ ਤਿਆਗ ਕਰ ਕੇ ਕੇਵਲ ਤੱਤ-ਭਗਤੀ ਭਾਵ ਵਿਚ ਹੀ ਸੁਜਾਗ ਤੇ ਸਾਵਧਾਨ ਰਹਿੰਦੇ ਹਨ। ਇਹ ਸਾਵਧਾਨਤਾ-ਸੰਯੁਕਤਨੀ ਤੋੜ-ਨਿਭਣੀ ਸੁਹਾਵੀ-ਭਗਤੀ ਕੇਵਲ ਉੱਗਰ ਕਰਮ ਭਾਗਾਂ ਦਾ ਹੀ ਅੰਕੁਰ ਹੈ। ਯਥਾ ਗੁਰਵਾਕ :—

ਗੁਰੁ ਤੁਠਾ ਬਖਸੇ ਭਗਤਿ ਭਾਉ ॥
ਗੁਰਿ ਤੁਠੈ ਪਾਈਐ ਹਰਿ ਮਹਲਿ ਠਾਉ ॥
ਪਰਹਰਿ ਨਿੰਦਾ ਹਰਿ ਭਗਤਿ ਜਾਗੁ ॥
ਹਰਿ ਭਗਤਿ ਸੁਹਾਵੀ ਕਰਮਿ ਭਾਗੁ ॥੩॥

[ਬਸੰਤ ਮਹਲਾ ੧, ਪੰ: ੧੧੭੦



www.AKJ.Org

ਇਹ ਸ਼ੁਭ ਲਛਣੀ ਭਾਗ ਭੀ ਪੂਰਬਲੇ ਸ਼ੁਭ ਕਰਮਾਂ ਦਾ ਹੀ ਅੰਕੁਰ ਹੁੰਦਾ ਹੈ। ਤਾਂ ਤੇ ਭਾਗਾਂ ਅੰਦਰ ਲਿਖਿਆ ਭੁਗਤਣਾ ਹੀ ਪੈਂਦਾ ਹੈ। ਸ਼ੁਭ ਭਾਗਾਂ ਦੀ ਸ਼ੁਭ-ਲਿਖਤਣੀ, ਸ਼ੁਭ-ਭੁਗਤਣੀ ਕਰਾਉਂਦੀ ਹੈ। ਇਹ ਸ਼ੁਭ-ਭੁਗਤਣੀ ਸ਼ੁਭ ਲੀਨਤਾ ਕਰਾਉਂਦੀ ਹੈ, ਭੁਗਤਿ ਮੁਕਤਿ ਦੇ ਦਾਤੇ ਓਤਿ ਪੋਤਿ ਅਭੇਦੀ ਗੁਰੂ ਕਰਤਾਰ ਦੇ ਸਰੂਪ ਵਿਚ।

ਜਿਸ ਜਗਿਆਸੂ ਦਾ ਅਤਿ ਉੱਤਮ ਅਤੇ ਉੱਗਰ ਭਾਗ ਹੁੰਦਾ ਹੈ ਸੋਈ ਗੁਰੂ ਦਾ ਸਿਖ-ਸੇਵਕ ਸਿੰਘ ਬਣਦਾ ਹੈ ਅਤੇ ਗੁਰੂ ਸਿਖ ਸੇਵਕ ਬਣ ਕੇ ਅਤੁਟ ਨਾਮ-ਅਭਿਆਸ ਕਮਾਈਆਂ ਰੂਪੀ ਸਚੀ ਸੇਵਾ ਵਿਖੇ ਤਤਪਰ ਹੋ ਕੇ ਜੁਟਦਾ ਹੈ ਅਤੇ ਸਤਿਗੁਰੂ ਦੇ ਪਰਮ ਪਰਸਾਦਿ ਕਰ, ਨਿਸ਼ਕਾਮ ਅਤੇ ਨਿਰਮਾਣ ਗੁਰ-ਭਗਤਿ ਸੇਵਾ ਵਿਚ ਜੁਟ ਕੇ ਜੀਵਨ-ਮੁਕਤ ਹੋ ਜਾਂਦਾ ਹੈ। ਇਹ ਜੀਵਨ-ਮੁਕਤੀ ਦਾ ਪਰਮ ਪਦ ਗੁਰ-ਪ੍ਰਸਾਦੀ ਹੀ ਪ੍ਰਾਪਤ ਹੁੰਦਾ ਹੈ। ਇਹ ਗੁਰੂ ਦਾ ਪ੍ਰਸਾਦ ਅਤਿ ਉਜਲਾ ਅਤੇ ਉਚਾ, ਜਗਿਆਸੂ ਜਨ ਦਾ ਕਰਮ ਭਾਗ ਹੈ। ਯਥਾ ਗੁਰਵਾਕ :—

ਕਰਮੁ ਹੋਵੈ ਤਾਂ ਸੇਵਾ ਕਰੈ ॥
ਗੁਰ ਪਰਸਾਦੀ ਜੀਵਤ ਮਰੈ ॥
[ਬਸੰਤ ਮਹਲਾ ੩, ਪੰ: ੧੧੭੨

ਅਜਿਹੇ ਉੱਗਰ ਭਾਗ ਉਦੇ ਹੋਣ ਤੋਂ ਬਿਨਾਂ ਸਾਰੀ ਲੁਕਾਈ ਭਰਮ-ਭੁਲਾਈ ਹੀ ਫਿਰਦੀ ਹੈ। ਇਸ ਵਿਚ ਰੰਚਕ ਸੰਦੇਹ ਨਹੀਂ ਕਿ ਸ਼ੁਭ ਕਰਮ ਹੀ ਸ਼ੁਭ ਭਾਗ ਦੇ ਲਖਾਇਕ ਅਤੇ ਸੂਚਕ ਹਨ। ਸ਼ੁਭ ਕਰਮਾਂ ਦੇ ਲੇਖ ਕਰਮ-ਬਿਧਾਤੇ ਅਤੇ ਕਰਮ-ਫਲ-ਪਰਦਾਤੇ ਸਿਰੀ ਅਕਾਲ ਪੁਰਖ ਦੇ ਅਟੱਲ ਹੁਕਮ ਅਨੁਸਾਰ ਪਿਛਲੇ ਜਨਮਾਂ ਦੇ ਅੰਕੁਰਕ ਹੋਣ ਕਰਿ, ਨਵੀਨ ਜਨਮ ਮਿਲਣ ਪਰ ਜਗਿਆਸੂ ਜਨ ਦੇ ਮਸਤਕ ਤੇ ਲਿਖੇ ਜਾਂਦੇ ਹਨ,ਜਿਨ੍ਹਾਂ ਦਾ ਸੰਕੇਤਕ ਨਾਮ 'ਭਾਗ' ਹੋ ਜਾਂਦਾ ਹੈ। ਸੋ ਭਾਗ-ਸੁਲੱਖਣੇ ਕਰਮਾਂ ਦਾ ਭੁਗਤਾ, ਹਰ ਇਕ ਜਗਿਆਸੂ ਜਨ ਜਨਮ ਤੇ ਹੀ ਹੋ ਜਾਂਦਾ ਹੈ। ਜਿਨ੍ਹਾਂ ਦੀ ਜਨਮ ਤੋਂ ਕੁਦਰਤੀ ਮਨ-ਰੁਚੀ ਭਗਤੀ-ਭਾਵ ਵਲ ਹੁੰਦੀ ਹੈ ਉਨ੍ਹਾਂ ਦੇ ਸ਼ੁਭ ਮਸਤਕੀ ਭਾਗ ਹੀ ਮੁੱਢ ਤੋਂ ਸ਼ੁਭ ਸੁਰਤੀਗਤੇ ਹੁੰਦੇ ਹਨ। ਇਹ ਭਗਤੀ-ਮਾਰਗ ਵਾਲਾ ਜਨਮ ਬਤੀਤਣੋਂ ਰਹਿ ਨਹੀਂ ਸਕਦੇ। ਉਹਨਾਂ ਦੇ ਇਸ ਜਨਮ ਅੰਦਰ ਨਦਰ-ਕਰਮੀ ਇਕ ਸੁਆ ਮਾਤਰ ਹੀ. ਮੁਕਤ-ਗਤਿ ਉਚ-ਕਲਿਆਣਕਾਰੀ ਤੱਤ-ਭਗਤੀ ਦਾ ਤੱਤ-ਫਲ ਅਰਪਾਉਣ ਨੂੰ ਸਮਰਥ ਹੋਇ ਆਂਵਦੀ ਹੈ। ਉਹ ਗੁਰੂ-ਘਰ ਵਿਖੇ ਆ ਕੇ ਅੰਮ੍ਰਿਤ ਛਕਣ ਸਮੇਂ ਪਹਿਲੀ ਪਾਣ ਗੁੜ੍ਹਤੀ ਦੇ ਅੰਮ੍ਰਿਤ ਛਾਂਦੇ ਨਾਲ ਤ੍ਰਿਪਤ ਹੋ ਕੇ ਰਸ-ਜੋਤਿ ਪ੍ਰਗਾਸੀ ਅਨੰਦ ਮਾਨਣ ਵਾਲੇ ਹੋ ਜਾਂਦੇ ਹਨ। ਇਹ ਤੱਤ-ਫਰੱਤੀ ਆਤਮ ਬਿਵਸਥਾ ਦਾ ਬਿਜਲੰਕਾਰੀ ਉਮਗਾਉ ਉਹਨਾਂ ਦੇ ਭਾਗਾਂ ਦਾ ਪਸਰਾਉ ਹੀ ਹੁੰਦਾ ਹੈ। ਇਹਨਾਂ ਭਾਗਾਂ ਬਿਹੂਣੋਂ ਆਮ ਦੁਨੀਆ ਭਰਮ-ਭੁਲਾਈ ਹੀ ਫਿਰਦੀ ਰਹਿੰਦੀ ਹੈ। ਅਤੇ ਮੋਹ ਮਮਤਾ ਦੇ ਮਾਇਆਵੀ ਗੇੜ ਵਿਚ ਪੈ ਕੇ ਬਹੁਤ ਹੀ ਦੁਖਾਂ-ਮਈ ਜਨਮ-ਜਨਮਾਂਤਰੀ ਧਕੇ ਖਾਂਦੀ ਹੈ। ਯਥਾ ਗੁਰਵਾਕ :—

ਬਿਨੁ ਕਰਮਾ ਸਭ ਭਰਮਿ ਭੁਲਾਈ ॥
ਮਾਇਆ ਮੋਹਿ ਬਹੁਤੁ ਦੁਖੁ ਪਾਈ ॥
[ਬਸੰਤ ਮਹਲਾ ੩, ਪੰ: ੧੧੭੫

ਜਿਨ੍ਹਾਂ ਜਗਿਆਸੂਆਂ ਦਾ ਪਰਾ-ਪੂਰਬਲਾ ਮਸਤਕ ਲਿਖਤੀ ਭਾਗ (ਕਰਮ) ਖੁਲ੍ਹਦਾ ਹੈ ਉਹਨਾਂ ਦੇ ਅੰਤਰ-ਆਤਮੇ ਅੰਮ੍ਰਿਤ ਛਕਣ ਸਾਰ ਹੀ ਸੁਧਾ-ਮੰਤ੍ਰੀ ਜਾਗ ਲਗ ਜਾਂਦਾ ਹੈ ਅਤੇ ਜੋਤਿ-ਪ੍ਰਕਾਸ਼ ਦਾ ਖੇੜਾ ਹੋ ਜਾਂਦਾ ਹੈ। ਗੁਰ-ਸ਼ਬਦ-ਮੰਤ੍ਰ ਉਹਨਾਂ ਨੂੰ ਅਮਿਉ-ਰਸਾਇਣੀ ਮਿਠਾਸ ਵਾਲਾ ਹੋ ਕੇ ਸੰਜੀਵਨਤ ਹੋ ਜਾਂਦਾ ਹੈ। ਇਸ ਸ਼ਬਦ ਗੁਰ-ਮੀਠੇ ਦੇ ਪ੍ਰਭਾਵ ਕਰਕੇ ਤਿਨ੍ਹਾਂ ਦੀ ਅਭਿਆਸ-ਕਲਾ ਭੀ ਅੰਮ੍ਰਿਤ-ਸਰਸ਼ਾਰੀ ਅਤ ਮਿਠ-ਮਿਠਾਰੀ ਹੋ ਜਾਂਦੀ ਹੈ, ਜਿਸ ਦੇ ਜ਼ੋਰ ਤਾਣ ਕਰਿ, ਖਿਨ ਖਿਨ ਨਾਮ-ਅਭਿਆਸ-ਕਲਾ ਜ਼ੋਰੋ ਜ਼ੋਰ ਵਧਦੀ ਤੇ ਹੋਰੋ ਹੋਰ ਵਧ-ਵਧੇਰੇ ਆਤਮ-ਰੰਗ ਖੇੜਦੀ ਹੈ। ਇਸ ਜੋਤਿ-ਪ੍ਰਕਾਸ਼ ਦੇ ਖਿਨੋ ਖਿਨ ਵਧਦੇ ਰਸ-ਜੋਤਿ-ਸਪਰਸੀਏ ਪਾਰਸ-ਖੇੜੇ ਦੇ ਪ੍ਰਭਾਵ ਕਰਿ, ਉਸਨੂੰ ਆਪਣੇ ਘਟ ਵਿਖੇ ਅਤੇ ਹਰ ਪ੍ਰਾਣੀ ਦੇ ਘਟ ਵਿਖੇ ਜੋਤਿ-ਜੋਤੀਸਰ ਵਾਹਿਗੁਰੂ ਪ੍ਰਤਿਬਿੰਬਤ ਨਜ਼ਰੀਂ ਆਉਂਦਾ ਹੈ, ਪਰਤੱਖ ਦਿਸਦਾ ਹੈ, ਜੈਸਾ ਕਿ ਇਸ ਗੁਰਵਾਕ ਦਾ ਭਾਵ ਹੈ :—

ਮੇਰੈ ਮਨਿ ਸਬਦੁ ਲਗੋ ਗੁਰ ਮੀਠਾ ॥
ਖੁਲ੍ਹਿਓ ਕਰਮੁ ਭਇਓ ਪਰਗਾਸਾ,
ਘਟਿ ਘਟਿ ਹਰਿ ਹਰਿ ਡੀਠਾ ॥੧॥
[ਸਾਰਗ ਮਹਲਾ ੫, ਪੰ: ੧੨੧੨

ਵਾਹਿਗੁਰੂ ਦੇ ਦਰਸ਼ਨਾਂ ਦਾ ਉਦਮ ਕਰਨਾ ਉਤਮ



www.AKJ.Org

ਜਗਿਆਸੂ ਜਨ ਦੀ ਜ਼ਿਸ਼ਤ ਸਿਫ਼ਾਤੀ ਅੰਦਰ ਮਨਹਿਲੱਕ ਹੁੰਦਾ ਹੈ। ਉਹ ਦਰਸ਼ਨਾਂ ਦੇ ਉਦਮ ਕੀਤੇ ਬਿਨਾਂ ਰਹਿ ਨਹੀਂ ਸਕਦਾ। ਗੁਰਬਾਣੀ ਅੰਦਰ ਆਏ ਹੁਕਮ ਰੂਪ ਸਤਿਗੁਰੂ-ਬਚਨਾਂ ਨੂੰ ਕਮਾਉਂਦਾ ਹੈ ਅਤੇ ਕਮਾਉਣ ਵਿਚ ਰੰਚਕ ਆਲਸ ਨਹੀਂ ਕਰਦਾ, ਨਾਹੀਂ ਬਿਲਮਤਾ ਦਿੰਦਾ ਹੈ। ਇਹ ਉਦਮ ਉਸ ਦੇ ਮਥੇ ਲਿਖੇ ਸ਼ੁਭ ਕਰਮ ਭਾਗ ਹੀ ਕਰਾਉਂਦੇ ਹਨ। ਪਰ ਫੇਰ ਭੀ ਉਹ ਗੁਰਮੁਖ ਜਨ ਵਾਹਿਗੁਰੂ ਦੀਆਂ ਨਦਰ-ਕਰੰਮੀ ਮੇਹਰਾਂ ਦਾ ਹੀ ਪਾਤਰ ਬਣਿਆ ਰਹਿੰਦਾ ਹੈ ਅਤੇ ਜਦੋਂ ਦਰਸ਼ਨਾਂ ਦੀ ਪ੍ਰਾਪਤੀ ਹੁੰਦੀ ਹੈ ਤਦੋਂ ਉਹ ਇਹ ਸਭ ਕੁਛ ਉਸਦੀ ਨਦਰਾਂ ਦਾ ਹੀ ਸਦਕਾ ਕਰਕੇ ਜਾਣਦਾ ਹੈ। ਇਕ ਨਿਮਖ ਮਾਤ੍ਰ ਭੀ ਉਸ ਦੇ ਹਿਰਦੇ ਅੰਦਰ ਇਹ ਕੁਫੁਰਨੀ ਨਹੀਂ ਫੁਰਦੀ ਕੁਫੁਰਦੀ, ਕਿ ਇਹ ਦਰਸ਼ਨ-ਝਾਕਾ ਉਸ ਦੀ ਆਪਣੀ ਘਾਲਣਾ ਦਾ ਸਦਕਾ ਹੈ। ਇਸ ਨੂੰ ਉਸ ਫ਼ੈਜ਼-ਗੰਜਾਰੀ ਰਹਿਮਤਾਈ ਭਾਗਾਂ ਦਾ ਜ਼ਹੂਰ ਹੀ ਜਾਣਦਾ ਹੈ ਅਤੇ ਮਨ ਬਚ ਕਰਮ ਕਰਕੇ ਜਾਣਦਾ ਹੈ, ਜੈਸਾ ਕਿ ਇਸ ਗੁਰਵਾਕ ਦਾ ਤਤ ਆਸ਼ਾ ਹੈ :—

ਉਦਮੁ ਕਰਉ ਦਰਸਨੁ ਪੇਖਨ ਕੌ
ਕਰਮਿ ਪ੍ਰਾਪਤਿ ਹੋਇ ॥੧॥
[ਸਾਰਗ ਮਹਲਾ ੫, ਪੰਨਾ ੧੨੨੩

ਇਸ ਗੁਰ-ਵਾਕੀ ਤੁਕ ਅੰਦਰ ਕਰਮ ਦਾ ਭਾਵ-ਅਰਥ ਸਪੱਸ਼ਟ ਭਾਗ, ਸ਼ੁਭ ਨਸੀਬਾ ਭਾਗ ਹੈ। ਜੋਤਿ ਪ੍ਰਕਾਸ਼ੀਏ ਗੁਰਮੁਖ ਜਨਾਂ ਦਾ ਦਰਸ਼ਨ ਭੀ ਕਰਮਾਂ (ਭਾਗਾਂ) ਨਾਲ ਹੀ ਪ੍ਰਾਪਤ ਹੁੰਦਾ ਹੈ, ਐਵੇਂ ਨਹੀਂ। ਉਦਮ ਭੀ ਉਹਨਾਂ ਦਾ ਬਰ-ਹੱਕ ਹੈ। ਪਰ ਪ੍ਰਾਪਤੀ ਦਰਸ਼ਨ ਦੀ ਭਾਗਾਂ ਸੇਤੀ ਹੀ ਹੈ।

ਜਿਨ੍ਹਾਂ ਦੇ ਮਸਤਕ ਭਾਗ ਹੁੰਦਾ ਹੈ ਓਹੀ ਵਾਹਿਗੁਰੂ ਨਾਮ ਨੂੰ ਜਪਦੇ ਹਨ। ਨਿਗੁਰੇ ਨਰ-ਨਾਰੀ ਨਾਮ ਨਹੀਂ ਜਪ ਸਕਦੇ। ਪਰਮਾਰਥੀ ਗੁਰਮਤਿ ਅਸੂਲ ਪੱਕਾ ਹੈ ਕਿ ਨਿਗੁਰਿਆਂ ਨੂੰ ਨਾਮ ਹੀ ਪ੍ਰਾਪਤ ਨਹੀਂ ਹੁੰਦਾ। ਜਪਣਾ ਤਾਂ ਉਹਨਾਂ ਨੇ ਕੀ ਸੀ, ਜਿਨ੍ਹਾਂ ਦਾ ਭਾਗ ਉਦੇ ਹੁੰਦਾ ਹੈ ਉਹ ਗੁਰੂ ਨਾਨਕ ਦੇ ਘਰਿ-ਦਰਿ ਸ਼ਰਨੀ ਆਇ ਪੈਂਦੇ ਹਨ, ਤਿਥੇ ਓਹ ਸਗੁਰੇ ਬਣ ਕੇ ਗੁਰ-ਮੰਤ੍ਰ ਗੁਰ-ਦੀਖਿਆ ਲੈਂਦੇ ਹਨ।ਤਦ ਉਹ ਨਾਮ ਜਪਣ ਜੋਗੇ ਹੁੰਦੇ ਹਨ। ਬੇ-ਪੀਰਿਆਂ ਨਿਗੁਰਿਆਂ ਨੂੰ ਨਾਮ ਨਹੀਂ ਮਿਲਦਾ ਅਤੇ ਸਗੁਰਾ ਓਹੀ ਹੁੰਦਾ ਹੈ ਜਿਸ ਦੇ ਭਾਗ ਖੁਲ੍ਹਣ। ਯਥਾ ਗੁਰਵਾਕ :—

ਨਾਨਕ ਕਰਮੁ ਹੋਵੈ ਜਪੀਐ ਕਰਿ ਗੁਰੁ ਪੀਰੁ ॥
ਸਾਚਿ ਸਮਾਵੈ ਏਹੁ ਸਰੀਰੁ ॥
[ਮਲਾਰ ਮ: ੧, ਪੰ: ੧੨੫੭

ਗੁਰਮਤਿ ਨਾਮ ਜਪਦੇ ਜਪਦੇ ਵਡਭਾਗੀਆਂ ਦਾ ਮਨ ਭੀ ਤੇ ਤਨ ਭੀ ਸਚੇ ਵਾਹਿਗੁਰੂ ਦੇ ਸਰੂਪ ਵਿਚ ਸਮਾ ਜਾਂਦਾ ਹੈ। ਪਹਿਲਾਂ ਨਾਮ ਦੇ ਜੋਤਿ-ਤ੍ਰੰਗੀ ਸਰੋਵਰ ਵਿਚ ਤਾਰੀਆਂ ਲਾ ਕੇ ਤ੍ਰਿਬੁਡ ਹੋ ਜਾਂਦਾ ਹੈ, ਫੇਰ ਨਾਮੀ ਵਾਹਿਗੁਰੂ ਸੇਤੀ ਇਕ-ਮਿਕ ਹੋਇ ਸਮਾਂਵਦਾ ਹੈ।

ਪੂਰਾ ਸ਼ਬਦ ਵਾਹਿਗੁਰੂ, ਪੂਰੇ ਭਾਗਾਂ (ਕਰਮਾਂ) ਨਾਲ ਹੀ ਧਿਆਇ ਕੈ ਮਨਿ ਵਸਾਇਆ ਜਾਂਦਾ ਹੈ :—

ਪੂਰੈ ਕਰਮਿ ਧਿਆਇ, ਪੂਰਾ ਸਬਦੁ ਮਨਿ ਵਸਾਇਆ ॥
[ਵਾਰ ਮਲਾਰ, ਪਉੜੀ ੧੮, ਪੰਨਾ ੧੨੮੬

ਪੂਰੇ ਸਤਿਗੁਰੂ ਗੁਰੂ ਨਾਨਕ ਦੀਆਂ ਵਡੀਆਂ ਵਡਿਆਈਆਂ ਹਨ। ਪ੍ਰੰਤੂ ਵਡੇ ਭਾਗਾਂ ਨਾਲ (ਪੂਰੇ ਕਰਮਾਂ ਸੇਤੀ) ਹੀ ਐਸਾ ਸਤਿਗੁਰੂ ਪਾਇਆ ਜਾ ਸਕਦਾ ਹੈ। ਨਹੀਂ ਤਾਂ ਭਾਗਹੀਣ ਭਉਂਦੂ ਭੇਖੀ ਅਤੇ ਡਿੰਭੀ ਅਲਪਗ ਦੇਹ-ਧਾਰੀ ਗੁਰੂਆਂ ਪਾਸ ਹੀ ਭਉਂਦੇ ਭਰਮਦੇ ਰਹਿੰਦੇ ਹਨ। ਆਪਣਾ ਜਨਮ ਬਿਰਥਾ ਹੀ ਗੰਵਾ ਲੈਂਦੇ ਹਨ। ਫੇਰ ਉਹਨਾਂ ਨੂੰ ਬਹੁਤੇ ਜਨਮਾਂ ਵਿਚ ਭਰਮਣਾ ਪੈਂਦਾ ਹੈ। ਓੜਕ ਮੁੜ ਘਿੜ ਕੇ ਜਦੋਂ ਭੀ ਇਸ ਜੀਵ ਦੀ ਕਲਿਆਣ ਹੋਣੀ ਹੈ ਤਾਂ ਗੁਰੂ ਨਾਨਕ ਸਾਹਿਬ ਦੇ ਘਰੋਂ ਹੀ ਹੋਣੀ ਹੈ। ਜਿਸ ਦਾ ਭਾਗ ਖੁਲ੍ਹਦਾ ਹੈ, ਓਹੀ ਸਚੇ ਸਤਿਗੁਰੂ ਦੇ ਦਰੋਂ ਘਰੋਂ ਵਰਸਾਉਂਦਾ ਹੈ :—

ਸਤਿਗੁਰ ਵਿਚਿ ਵਡੀਆ ਵਡਿਆਈ ਭਾਈ
ਕਰਮਿ ਮਿਲੈ ਤਾਂ ਪਾਇ ॥
[ਸਲੋਕ ਵਾਰਾਂ ਤੇ ਵਧੀਕ, ਪੰ: ੧੪੧੯

ਧੁਰੋਂ ਬਖ਼ਸ਼ਸ਼ ਵਾਲੇ ਭਾਗ (ਕਰਮ) ਜਿਨ੍ਹਾਂ ਦੇ ਜਾਗ ਪਏ ਹਨ ਉਨ੍ਹਾਂ ਨੂੰ ਸਚੇ ਵਾਹਿਗੁਰੂ ਦੀ ਪ੍ਰਾਪਤੀ ਹੁੰਦਿਆਂ ਇਕ ਬਿਲਮ ਨਹੀਂ ਲਗਦੀ। ਇਸ ਬਖ਼ਸ਼ਸ਼ ਨੂੰ ਕੋਈ ਮੇਟ ਨਹੀਂ ਸਕਦਾ।

ਕਰਮਿ ਮਿਲੈ ਤਾ ਪਾਈਐ,
ਵਿਣੁ ਕਰਮੈ ਪਾਇਆ ਨ ਜਾਇ ॥
[ਸਿਰੀ ਰਾਗ ਮਹਲਾ ੩, ਪੰ: ੨੯



www.AKJ.Org

# ਸੰਗਤ ਦਾ ਫਲ

[ ਵਲੋਂ—ਸ: ਜਗਦੀਸ਼ ਪਾਲ ਸਿੰਘ ਜੀ ]

ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ ॥
ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ ॥
[ਬਿਲਾਵਲ ਮ: ੫, ਪੰ: ੮੦੯

ਸਤਸੰਗਤਿ ਕੈਸੀ ਜਾਣੀਐ ॥
ਜਿਥੈ ਏਕੋ ਨਾਮੁ ਵਖਾਣੀਐ ॥
[ਸਿਰੀ ਰਾਗ ਮਹਲਾ ੧

ਮਨੁੱਖ ਨੂੰ ਜਿਤਨੀ ਲੋੜ ਖਾਣ ਪੀਣ ਦੀਆਂ ਜਾਂ ਹਰ ਰੋਜ਼ ਵਰਤਣ ਵਾਲੀਆਂ ਚੀਜ਼ਾਂ ਵਸਤਾਂ ਦੀ ਹੈ, ਉਸ ਤੋਂ ਜ਼ਿਆਦਾ ਆਤਮਕ ਖ਼ੁਰਾਕ ਦੀ ਹੈ। ਆਤਮਕ ਖ਼ੁਰਾਕ ਦਾ ਅਨੰਦ, ਆਤਮਕ ਖ਼ੁਰਾਕ ਦਾ ਰੱਬੀ ਨਜ਼ਾਰਾ ਕੇਵਲ ਸੰਗਤ ਤੋਂ ਹੀ ਮਾਣਿਆ ਜਾ ਸਕਦਾ ਹੈ। ਜਿਹੜੇ ਗੁਰਮੁਖ ਜਨ ਸਾਧ ਸੰਗਤਿ ਨੂੰ ਸਚਖੰਡ ਜਾਣ ਕੇ ਤੇ ਸ਼ਬਦ ਨੂੰ ਨਿਰੰਕਾਰ ਦਾ ਰੂਪ ਜਾਣ ਕੇ ਗੁਰੂ ਕੇ ਹਜ਼ੂਰ ਵਿਚ ਨੇਮ ਨਾਲ ਸਦਾ ਜਾਂਦੇ ਹਨ, ਉਹ ਵਾਹਿਗੁਰੂ ਨੂੰ ਰਿਦੇ ਵਿਚ ਧਾਰ ਕੇ ਅਕਾਲ ਪੁਰਖ ਨਾਲ ਇਕ ਰੂਪ ਹੁੰਦੇ ਹਨ। ਜਿਵੇਂ ਗੂੰਗਾ ਮਿਠਿਆਈ ਖਾਂਦਾ ਹੈ ਤੇ ਮੂੰਹੋਂ ਨਹੀਂ ਕਹਿ ਸਕਦਾ, ਤੈਸੀ ਮਿਠਾਸ ਉਨ੍ਹਾਂ ਨੂੰ ਪ੍ਰਾਪਤ ਹੁੰਦੀ ਹੈ। ਸੋ ਕਹਿ ਨਹੀਂ ਸਕਦੇ, ਪਰ ਗਿਆਨ ਕਰਕੇ ਤ੍ਰਿਪਤ ਹੋਇ ਰਹਿੰਦੇ ਹਨ।

ਚੰਗੀ ਜਾਂ ਮਾੜੀ ਸੰਗਤ ਮਨੁੱਖੀ ਜੀਵਨ ਨੂੰ ਇਕ ਅਜਿਹੇ ਸਾਂਚੇ ਵਿਚ ਢਾਲਦੀ ਹੈ ਜਿਸ ਨੂੰ ਕਦੀ ਬਦਲਿਆ ਨਹੀਂ ਜਾ ਸਕਦਾ। ਇਹ ਗੱਲ ਬਹੁਤ ਤਜਰਬਿਆਂ ਅਤੇ ਬਹੁਤ ਖੋਜ ਕਰਨ ਤੋਂ ਬਾਅਦ ਦਸੀ ਗਈ ਹੈ ਕਿ ਸੰਗਤ ਦਾ ਅਸਰ ਸਭ ਤੋਂ ਵਧੀਕ ਤੇ ਸਦੀਵੀ ਹੁੰਦਾ ਹੈ। ਮਜ਼੍ਹਬ, ਸਾਇੰਸ, ਹੁਨਰ-ਸਾਜ਼ੀ, ਰਾਜਨੀਤਕ ਤਰੱਕੀ ਤੇ ਵਿਕਾਸ ਦੇ ਪਰਸਪਰ ਮੇਲਜੋਲ ਸੰਗਤ ਜਾਂ ਸਮਾਜਕ ਜੀਵਨ ਦਾ ਫਲ ਹਨ। ਇਸੇ ਲਈ ਭਾਰਤ ਦੇ ਮਹਾਂ ਪੁਰਸ਼ਾਂ, ਵਾਹਿਗੁਰੂ ਦੇ ਨਾਵ-ਲੇਵਾ ਭਗਤਾਂ ਨੇ ਸਤਿ-

---

[ਸਫ਼ਾ ੯ ਦੀ ਬਾਕੀ]

ਗੁਰਮੁਖਾਂ ਦੀ ਸੰਗਤ ਦਾ ਮਿਲਣਾ ਭੀ ਭਾਗਾਂ ਕਰਕੇ ਹੀ ਹੈ। ਤਿਸ ਸਤਿਸੰਗ ਰੂਪੀ ਸਥਾਨ ਵਿਖੇ ਬੈਠ ਕੇ ਅਤੇ ਗੁਰਮੁਖਾਂ ਪਿਆਰਿਆਂ ਨਾਲ ਰਲ ਮਿਲ ਕੇ ਵਾਹਿਗੁਰੂ ਦੇ ਗੁਣ ਗਾਵਣ ਨਾਲ ਦਾਤਾ ਦਿਆਲ ਹੁੰਦਾ ਹੈ। ਇਹ ਦਇਆਲਤਾ ਵਾਹਿਗੁਰੂ ਨਾਲ ਮੇਲਣ ਦੀ ਸਫਲ ਸੁਭਾਗਤਾ ਹੈ।

ਕਰਮੁ ਹੋਵੈ ਸਤਸੰਗਿ ਮਿਲਾਏ ॥
ਹਰਿ ਗੁਣ ਗਾਵੈ ਬੈਸਿ ਸੁ ਥਾਏ ॥
[ਗਉੜੀ ਗੁਆਰੇਰੀ ਮਹਲਾ ੩, ਪੰ: ੧੫੮

ਸਗੁਰੇ ਜਗਿਆਸੂ ਦਾ ਅਪਣਾਇਆ ਹੋਇਆ ਸਤਿਗੁਰੂ ਗੁਰੂ ਨਾਨਕ ਦਸਮੇਸ਼ ਤਿਸ ਨੂੰ ਤੁਠ ਕੇ ਨਾਮ ਦੀ ਦਾਤ ਦਿੰਦਾ ਹੈ, ਉਸ ਦੇ ਮਸਤਕ ਉਤੇ ਇਸ ਨਾਮ-ਪ੍ਰਾਪਤੀ ਦੇ ਭਾਗ ਦੀ ਰੇਖਾ ਪਹਿਲਾਂ ਹੀ ਲਿਖੀ ਹੁੰਦੀ ਹੈ :—

ਨਾਮੁ ਗੁਰਿ ਦੀਓ ਹੈ ਅਪੁਨੈ,
ਜਾ ਕੈ ਮਸਤਕਿ ਕਰਮਾ ॥
ਨਾਮੁ ਦ੍ਰਿੜਾਵੈ ਨਾਮੁ ਜਪਾਵੈ,
ਤਾ ਕਾ ਜੁਗਿ ਮਹਿ ਧਰਮਾ ॥੧॥
[ਧਨਾਸਰੀ ਮਹਲਾ ੫, ਪੰ: ੬੮੦

ਐਸੀ ਦਾਤਿ-ਬਖ਼ਸ਼ੰਦ ਦਾ ਬਖ਼ਸ਼ਿਆ ਹੋਇਆ ਗੁਰਮੁਖ ਜਨ ਆਪਣੇ ਕਰਮੀ ਕਰਮ ਜਮਾਲ ਦੇ ਕ੍ਰਿਸ਼ਮੇ ਨਾਲ ਹੋਰਨਾਂ ਸੰਗੀਆਂ ਨੂੰ ਭੀ ਨਾਮ-ਤ੍ਰੰਗਤਾ ਦੀ ਪ੍ਰੇਰਨਾ ਕਰ ਕੇ, ਪੰਜਾਂ ਪਿਆਰਿਆਂ ਦੀ ਸਰਣਾਗਤਿ ਲਿਆ ਕੇ ਗੁਰੂ ਸਮਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਬਾਰੋਂ ਨਾਮ ਦਿਵਾਉਂਦਾ, ਨਾਮ ਜਪਾਉਂਦਾ, ਅਤੇ ਨਾਮ ਦ੍ਰਿੜ੍ਹਾਉਂਦਾ ਹੈ। ਇਸ ਕਲਜੁਗ ਵਿਖੇ ਏਹੋ ਪੁੰਨ-ਧਰਮ ਅਜਿਹੇ ਗੁਰਮੁਖਾਂ ਨੇ ਖਟਿਆ ਹੈ। ਇਹ ਪੁੰਨ-ਧਰਮ ਕਰਮ ਓਹਨਾਂ ਦਾ ਸਚਾ ਧਰਮ ਆਹਰ ਹੋ ਗਿਆ ਹੈ। ਲਿਖਤ ਲਿਲਾਟੀ ਕਰਮ (ਭਾਗਾਂ) ਦੀ ਸਚੀ ਖੇਡ ਹੈ, ਜਿਸ ਨੂੰ ਖਿਡਾਏ, ਉਹੀ ਖੇਡਦਾ ਹੈ।

['ਗੁਰਮਤਿ ਕਰਮ ਫ਼ਿਲਾਸਫ਼ੀ' ਪੁਸਤਕ ਵਿਚੋਂ



www.AKJ.Org

ਸੰਗਤ ਤੇ ਬਹੁਤ ਜ਼ੋਰ ਦਿਤਾ ਹੈ । ਔਖੇ ਤੋਂ ਔਖੇ ਸਮੇਂ ਵਿਚ ਵੀ ਸੰਗਤਾਂ ਸਮਾਗਮਾਂ ਵਿਚ ਜੁੜਦੀਆਂ ਰਹੀਆਂ ਅਤੇ ਉਹ ਅਕਾਲ ਪੁਰਖ ਦੇ ਜਸ ਗਾਇਨ ਕਰਦੀਆਂ ਰਹੀਆਂ । ਸੋ ਕਬੀਰ ਜੀ ਦਾ ਮਹਾਂਵਾਕ ਵੀ ਇਸ ਖ਼ਿਆਲ ਦੀ ਪੁਸ਼ਟੀ ਕਰਦਾ ਹੈ —

ਕਬੀਰ ਮਨੁ ਪੰਖੀ ਭਇਓ ਉਡਿ ਉਡਿ ਦਹ ਦਿਸ ਜਾਇ ॥
ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ ॥੮੬॥

ਭਾਵ :—ਮਨ ਪੰਖੀਆਂ ਦੀ ਤਰ੍ਹਾਂ ਦਸਾਂ ਦਿਸਾਂ ਵਿਚ ਉਡਿਆ ਫਿਰਦਾ ਹੈ । ਜਿਸ ਤਰ੍ਹਾਂ ਦੇ ਸੰਗ ਸਾਥ ਰੁਖ ਤੇ ਬੈਠਦਾ ਹੈ ਉਹੋ ਜਿਹਾ ਫਲ ਖਾਂਦਾ ਹੈ। ਗੁਰੂ ਸਾਹਿਬ ਭੀ ਆਪਣੇ ਇਕ ਮਹਾਨ ਕਥਨ ਦੁਆਰਾ ਫ਼ੁਰਮਾਉਂਦੇ ਹਨ :—

"ਸੰਗਤਿ ਕਾ ਗੁਨੁ ਬਹੁਤੁ ਅਧਿਕਾਈ
ਪੜਿ ਸੂਆ ਗਨਕ ਉਧਾਰੇ ॥"

ਸੰਗਤ ਦਾ ਗੁਣ ਏਨਾ ਚੰਗਾ ਤੇ ਪ੍ਰਭਾਵਸ਼ਾਲੀ ਹੁੰਦਾ ਹੈ ਕਿ ਇਕ ਪਤਿਤ ਤੇ ਬਜ਼ਾਰੀ ਔਰਤ ਥੋੜਾ ਚਿਰ ਸਤਿਸੰਗਤ ਕਰ ਕੇ, ਸੰਤਾਂ ਦੀ ਛੁਹ ਤੇ ਉਨ੍ਹਾਂ ਪਾਸੋਂ ਤੋਤਾ ਲੈ ਕੇ 'ਗੰਗਾ ਰਾਮ, ਕਹੁ ਰਾਮ ਰਾਮ' ਕਹਿੰਦੀ ਹੋਈ ਤਰ ਗਈ । ਉਸ ਦਾ ਮਨ ਪਵਿੱਤਰ ਤੇ ਆਚਰਨ ਸ਼ੁੱਧ ਹੋ ਗਿਆ । ਉਸ ਦੀਆਂ ਸਾਰੀਆਂ ਪਿਛਲੀਆਂ ਗ਼ਲਤੀਆਂ, ਕੀਤੇ ਹੋਏ ਪਾਪ ਦੂਰ ਹੋ ਗਏ । ਉਦਾਹਰਣ ਵਜੋਂ ਇਹ ਇਕ ਸਿੱਧੀ ਸਾਦੀ ਗੱਲ ਹੈ ਕਿ ਉਹੀ ਤਾਂਬਾ ਕਲੀ ਨਾਲ ਮਿਲ ਕੇ ਲੋਹਾ ਬਣ ਜਾਂਦਾ ਹੈ, ਉਹੀ ਤਾਂਬਾ ਜਿਸਤ ਨਾਲ ਮਿਲੇ ਤਾਂ ਉਹ ਪਿਤਲ ਬਣ ਜਾਂਦਾ ਹੈ, ਉਹੀ ਜਿਸਤ, ਕਲੀ ਵਾਲਾ ਤਾਂਬਾ, ਸਿਕੇ ਨਾਲ ਮਿਲੇ ਤਾਂ ਉਹ ਭਰਤ ਬਣ ਜਾਂਦਾ ਹੈ, ਪਰ ਤਾਂਬਾ ਜੇ ਕਿਸੇ ਪਾਰਸ ਨਾਲ ਛੁਹ ਜਾਵੇ ਤਾਂ ਉਹ ਸੋਨਾ ਬਣ ਜਾਂਦਾ ਹੈ । ਉਹੀ ਤਾਂਬਾ ਕੁਸ਼ਤਾ ਬਣਾ ਕੇ (ਦਵਾਈ ਦੇ ਤੌਰ ਤੇ) ਖਾਧਾ ਜਾਂਦਾ ਹੈ । ਇਸੇ ਤਰ੍ਹਾਂ ਪ੍ਰਭੂ ਹਰ ਰੂਪ ਵਿਚ ਹਰ ਥਾਂ ਆਪ ਹੀ ਵਰਤਦਾ ਹੈ, ਪਰ ਗੁਣ ਸੰਗਤ ਦੇ ਗਾਏ ਜਾਂਦੇ ਹਨ, ਕਿਉਂਕਿ ਸੰਗਤ ਮਿਲ ਕੇ ਉਸ ਅਕਾਲ ਪੁਰਖ ਦੇ ਗੁਣਾਂ ਦਾ ਜਸ ਗਾਇਨ ਕਰਦੀ ਹੈ । ਜਿਸ ਤਰ੍ਹਾਂ ਤੈਂਬਾ ਬਾਕੀ ਧਾਤਾਂ ਦੀ ਸੰਗਤ ਵਿਚ ਆਪਣਾ ਰੂਪ ਬਦਲ ਲੈਂਦਾ ਹੈ, ਇਸੇ ਤਰ੍ਹਾਂ ਮਨੁੱਖ ਤੇ ਬੁਰੀ ਸੰਗਤ ਬੁਰਾ ਪ੍ਰਭਾਵ ਪਾਉਂਦੀ ਹੈ, ਪਰ ਚੰਗੀ ਸੰਗਤ ਚੰਗਾ ਅਸਰ ਪਾਉਂਦੀ ਹੈ । ਇਸੇ ਤਰ੍ਹਾਂ ਚੰਗੀ ਸੰਗਤ ਵਿਚ ਮੈਲ ਦੂਰ ਹੋ ਜਾਂਦੀ ਹੈ । ਕਪੜੇ ਨੂੰ ਭੱਠੀ ਵਿਚ ਪਾਇਆਂ ਉਸ ਦੀ ਮੈਲ ਦੂਰ ਹੋ ਜਾਂਦੀ ਹੈ । ਮਹਾਂ ਪੁਰਖਾਂ ਦੇ ਹੋਰ ਕਈ ਬਚਨ ਵੀ ਇਸ ਉਦਾਹਰਣ ਦੀ ਪੁਸ਼ਟੀ ਕਰਦੇ ਹਨ :—

ਭਰੀਐ ਹਥੁ ਪੈਰੁ ਤਨੁ ਦੇਹ ॥
ਪਾਣੀ ਧੋਤੈ ਉਤਰਸੁ ਖੇਹ ॥
ਮੂਤ ਪਲੀਤੀ ਕਪੜੁ ਹੋਇ ॥
ਦੇ ਸਾਬੂਣੁ ਲਈਐ ਓਹੁ ਧੋਇ ॥
ਭਰੀਐ ਮਤਿ ਪਾਪਾ ਕੈ ਸੰਗਿ ॥
ਓਹੁ ਧੋਪੈ ਨਾਵੈ ਕੈ ਰੰਗਿ ॥ [ਜਪੁਜੀ

ਇਸ ਮਹਾਂ ਵਾਕ ਤੋਂ ਇਹ ਗੱਲ ਸਪੱਸ਼ਟ ਰੂਪ ਸਿਧ ਹੁੰਦੀ ਹੈ ਕਿ ਮਨ ਕੇਵਲ ਨਾਮ ਨਾਲ ਹੀ ਧੋਤਾ ਜਾ ਸਕਦਾ ਹੈ ਤੇ ਨਾਮ-ਸਿਮਰਨ ਵੀ ਸਤਿਸੰਗ ਤੋਂ ਪ੍ਰਾਪਤ ਹੁੰਦਾ ਹੈ। ਇਕ ਹੋਰ ਬਚਨ ਇਸ ਤਰ੍ਹਾਂ ਕਿਹਾ ਗਿਆ ਹੈ :—

ਏਕ ਪਲਕ ਸੁਖ ਸਾਧ ਸਮਾਗਮ ਕੋਟਿ ਬੈਕੁੰਠਹ ਪਾਏ ॥

ਹੋਰ ਮਹਾਂਵਾਕ ਦੁਆਰਾ :—

ਸਾਧੂ ਸੰਗਤਿ ਇਹੁ ਫਲੁ ਪਾਇਆ
ਇਕੁ ਕੇਵਲ ਨਾਮੁ ਅਧਾਰੀ ॥

ਇਸ ਗੁਰਵਾਕ ਤੋਂ ਸਾਫ਼ ਸਿਧ ਹੈ ਕਿ ਗੁਰੂ-ਘਰ ਦੀ ਸਾਧ ਸੰਗ-ਮਈ ਸੰਗਤ ਵਿਚ ਰਲ ਕੇ ਹਰਿ ਹਰਿ ਆਰਾਧਨਾ ਸਭ ਤੋਂ ਉੱਤਮ ਸਿਮਰਨ ਹੈ।

"ਮੇਰਾ ਮਨੁ ਸੰਤ ਜਨਾਂ ਪਗ ਰੇਨ ॥
ਹਰਿ ਹਰਿ ਕਥਾ ਸੁਨੀ ਮਿਲਿ ਸੰਗਤਿ
ਮਨ ਕੋਰਾ ਹਰਿ ਰੰਗਿ ਭੇਨਿ ॥"
[ਕਾਨੜਾ ਮ: ੪

ਭਾਵ :—ਗੁਰੂ ਕੀ ਸੰਗਤ ਵਿਚ ਮਿਲ ਕੇ ਪਰਸਪਰ ਜੁੜ ਕੇ ਜਪਿਆਂ ਕੋਰਾ ਮਨ ਵਾਹਿਗੁਰੂ ਦੇ ਰੰਗ ਵਿਚ ਭਿਜ ਜਾਂਦਾ ਹੈ।

"ਅਦ੍ਰਿਸਟੁ ਅਗੋਚਰ ਨਾਮ ਧਿਆਏ ਸਤਿ ਸੰਗਤਿ
ਮਿਲਿ ਸਾਧੂ ਪਾਥ ॥ ਹਰਿ ਹਰਿ ਕਥਾ ਸੁਨੀ



www.AKJ.Org

ਮਿਲਿ ਸੰਗਤਿ ਹਰਿ ਹਰਿ ਜਪਿਓ ਅਕਥ ਕਥ ਕਾਥ ॥'' [ਕਾਨੜਾ ਮ: ੫

ਗੁਰੂ ਕੀ ਸੰਗਤ ਵਿਖੇ ਬੈਠ ਕੇ ਵਾਹਿਗੁਰੂ ਨਾਮ ਦਾ ਜਾਪ ਕਰਨਾ ਸੁਨਣਾ ਹੀ ਅਕਥ ਕਥਾ ਦਾ ਕਥਨਾ ਹੈ। ਗੁਰਮਤਿ ਮਾਰਗ ਉਤੇ ਚਲਣ-ਹਾਰਿਆਂ ਲਈ ਗੁਰੂ-ਘਰ ਦੀ ਸੰਗਤ ਹੀ ਸੱਚੀ ਸੰਗਤ ਹੈ।

ਮਨੁੱਖ ਵਿਚ ਇਹ ਵਾਧਾ ਹੈ ਕਿ ਉਹ ਆਪਣੇ ਵਿਚਾਰਾਂ ਤੇ ਆਚਰਨ ਨੂੰ ਬਦਲ ਸਕਦਾ ਹੈ। ਇਕ ਪੱਛਮੀ ਵਿਦਵਾਨ ਦਾ ਕਥਨ ਹੈ :—

"ਮਨੁੱਖ ਆਪਣੇ ਖ਼ਿਆਲਾਂ ਦੀ ਉਪਜ ਹੈ। ਜਿਸ ਕਿਸਮ ਦੇ ਅਸੀਂ ਵਿਚਾਰ ਕਰਦੇ ਹਾਂ ਉਹੋ ਜੇਹੇ ਬਣ ਜਾਂਦੇ ਹਾਂ। ਵਿਚਾਰਾਂ ਤੇ ਸੰਸਕਾਰਾਂ ਨੂੰ ਪਵਿੱਤਰ ਤੇ ਸ਼ੁੱਧ ਰਖਣ ਲਈ ਸਤਿਗੰਗਤ ਬਿਨਾਂ ਹੋਰ ਕੋਈ ਦੂਜਾ ਉਪਾ ਜਾਂ ਸਾਧਨ ਨਹੀਂ ਹੋ ਸਕਦਾ।"

ਸ਼ੁਭ ਸੰਗਤ ਅਸੀਂ ਦੋ ਤਿੰਨ ਤਰ੍ਹਾਂ ਨਾਲ ਕਰ ਸਕਦੇ ਹਾਂ :—

(੧) ਭਲੇ ਪੁਰਸ਼ਾਂ ਦੀ ਸੰਗਤ ਵਿਚ ਚਲ ਕੇ ਜਾਣਾ, ਉਹਨਾਂ ਦੇ ਦਰਸ਼ਨ ਕਰਨੇ ਤੇ ਬਚਨ ਸੁਣ ਕੇ, ਸੰਗਤ ਦੀ ਸੇਵਾ ਕਰਨੀ, ਨਿਸ਼ਕਾਮ ਸੇਵਾ ਕਰਨੀ।

(੨) ਧਰਮ-ਗ੍ਰੰਥਾਂ ਤੇ ਚੰਗੀਆਂ ਪੁਸਤਕਾਂ ਪੜ੍ਹਨੀਆਂ, ਜਿਸ ਨਾਲ ਮਨ ਤੇ ਚੰਗਾ ਅਸਰ ਪਵੇ।

(੩) ਮਹਾਂ ਪੁਰਸ਼ਾਂ ਦੇ ਬਚਨ ਜ਼ਬਾਨੀ ਪੜ੍ਹਨ, ਵਿਚਾਰਨ ਤੇ ਆਤਮ ਚਿੰਤਨ ਯਾ ਸਿਮਰਨ ਕਰਨ ਨਾਲ ਭੀ ਸਤਸੰਗ ਹੁੰਦਾ ਹੈ।

ਸਤ ਪੁਰਸ਼ਾਂ ਦੀ ਸੰਗਤ ਲਈ ਤੀਰਥਾਂ, ਧਰਮ-ਮੰਦਰਾਂ, ਗੁਰਦੁਆਰਿਆਂ, ਮਸੀਤਾਂ ਤੇ ਗਿਰਜਿਆਂ ਵਿਚ ਜਾਂਦੇ ਹਾਂ। ਪਰ ਜੇ ਅਸੀਂ ਇਹਨਾਂ ਥਾਵਾਂ ਤੇ ਜਾ ਕੇ ਭੀ ਸ਼ੁਭ ਸੰਗਤ ਨਹੀਂ ਕਰਦੇ, ਮਾੜੇ ਵਿਚਾਰਾਂ ਵਿਚ ਲਗੇ ਰਹਿੰਦੇ ਹਾਂ ਤਦ ਆਪਣਾ ਕੀਮਤੀ ਸਮਾਂ ਅਤੇ ਧਨ ਨਸ਼ਟ ਕਰਦੇ ਹਾਂ। ਤੀਰਥਾਂ ਤੇ ਜਾਣ ਦਾ ਭਾਵ ਕੇਵਲ ਤਨ ਦਾ ਇਸ਼ਨਾਨ ਨਹੀਂ, ਬਲਕਿ ਮਨ ਪਵਿੱਤਰ ਕਰਨਾ ਹੁੰਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੰਗਤ ਸਜਨ ਠੱਗ ਤੇ ਕੌਡੇ ਰਾਕਸ਼ ਵਰਗਿਆਂ ਨੂੰ ਤਾਰ ਗਈ।

ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਜਿਸਮਾਨੀ ਤੌਰ ਤੇ ਹੁਣ ਨਹੀਂ ਕਰ ਸਕਦੇ, ਪਰ ਅਸੀਂ ਉਹਨਾਂ ਦੇ ਜੀਵਨ ਚਰਿਤ੍ਰ, ਰਚਨਾਵਾਂ ਤੇ ਬਾਣੀ ਪੜ੍ਹਦੇ ਅਤੇ ਉਹਨਾਂ ਨਾਲ ਮਨ ਨੂੰ ਜੋੜਦੇ ਹਾਂ ਤਾਂ ਇਸ ਤਰ੍ਹਾਂ ਭੀ ਉਹਨਾਂ ਦੀ ਸੰਗਤ ਕਰਦੇ ਹਾਂ।

ਚੰਗੇ ਮਾੜੇ ਦ੍ਰਿਸ਼ਾਂ, ਤਸਵੀਰਾਂ, ਪੁਸਤਕਾਂ, ਰਸਾਲਿਆਂ, ਨਾਵਲਾਂ, ਕਿੱਸੇ ਕਹਾਣੀਆਂ, ਗੀਤਾਂ ਅਤੇ ਫ਼ਿਲਮਾਂ ਦਾ ਸਾਡੇ ਮਨ ਤੇ ਚੰਗਾ ਜਾਂ ਮਾੜਾ ਅਸਰ ਪੈਂਦਾ ਹੈ। ਭਾਰਤ ਦੇ ਸਿਆਣਿਆਂ ਦੀ ਰਾਇ ਹੈ ਕਿ ਚੰਗੀ ਮਾੜੀ ਖ਼ੁਰਾਕ ਦਾ ਸਾਡੇ ਮਨ ਤੇ ਅਸਰ ਹੁੰਦਾ ਹੈ, ਜਿਵੇਂ "ਜੈਸਾ ਅੰਨ ਤੈਸਾ ਮਨ" ਦੀ ਕਹਾਵਤ ਪ੍ਰਸਿਧ ਹੈ। ਸੋ ਚੰਗੇ ਅਸਰਾਂ ਨੂੰ ਕਬੂਲ ਕਰਨ ਲਈ ਅਤੇ ਮਾੜਿਆਂ ਨੂੰ ਛਡਣ ਲਈ ਸਾਨੂੰ ਹਰ ਰੋਜ਼ ਸਤਿਸੰਗ ਕਰਨਾ ਚਾਹੀਦਾ ਹੈ, ਧਰਮ ਗ੍ਰੰਥ ਜਾਂ ਚੰਗੇ ਪੁਸਤਕ ਪੜ੍ਹਨੇ ਚਾਹੀਦੇ ਹਨ, ਸੂਰਬੀਰਾਂ ਦੀਆਂ ਜੀਵਨੀਆਂ ਪੜ੍ਹਨੀਆਂ ਚਾਹੀਦੀਆਂ ਹਨ। ਸਤਿਸੰਗ ਵਿਚ ਜਾਣ ਕਰਕੇ ਸਾਡੀ ਜ਼ਾਤੀ ਤੇ ਸਮਾਜਿਕ ਉੱਨਤੀ ਹੁੰਦੀ ਹੈ। ਇਸੇ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹਜ਼ੂਰੀ ਸਿਖ ਭਾਈ ਨੰਦ ਲਾਲ ਜੀ ਕਹਿੰਦੇ ਹਨ :—

ਸੋਹਬਤੇ ਨੇਕਾਂ ਅਗਰ ਬਾਸ਼ਦ ਨਸੀਬ ॥
ਦੌਲਤੇ ਜਾਵੇਦ ਯਾਬੀ ਐ ਹਬੀਬ ॥

ਅਰਥ :— ਜੇ ਨੇਕ ਪੁਰਸ਼ਾਂ ਦੀ ਸੰਗਤ ਮਿਲੇ, ਐ ਪਿਆਰੇ ਤਦ ਸਦੈਵੀ ਦੌਲਤ ਮਿਲਦੀ ਹੈ।

## ਗੁਰਬਾਣੀ ਦੀਆਂ ਪੋਥੀਆਂ ਦਾ ਪੂਰਨ ਸਤਿਕਾਰ ਕਰੋ

੧. ਪੋਥੀਆਂ ਤੇ ਗੁਟਕੇ ਰੁਮਾਲਿਆਂ ਵਿਚ ਵਲ੍ਹੇਟ ਕੇ ਪੂਰਨ ਸਤਿਕਾਰ ਨਾਲ ਰਖੋ।
੨. ਗੋਡਿਆਂ ਤੇ, ਅਤੇ ਭੁੰਞੇ ਗੁਰਬਾਣੀ ਨੂੰ ਰਖਣਾ ਭੁੱਲ ਹੈ, ਬੇਅਦਬੀ ਹੈ।
੩. ਕੜਾਹ ਪ੍ਰਸ਼ਾਦ ਜਾਂ ਕੋਈ ਚੀਜ਼ ਛਕ ਕੇ ਜੂਠੇ ਤੇ ਥਿੰਦੇ ਹੱਥ ਗੁਰਬਾਣੀ ਨੂੰ ਲਾਉਣੇ ਭਾਰੀ ਭੁੱਲ ਹੈ।
੪. ਬਾਣੀ ਜ਼ਬਾਨੀ ਕੰਠ ਕਰ ਕੇ ਪੜ੍ਹੀ ਤੇ ਗਾਵੀ ਜਾਣੀ ਹੀ ਵਧੇਰੇ ਸੁਖਦਾਈ ਅਤੇ ਵਧੇਰੇ ਲਾਹੇਵੰਦੀ ਹੈ।

www.AKJ.Org

# ਗੁਰੂ ਨਾਨਕ ਤੇ ਗੁਰਮਤਿ

[ ਵਲੋਂ—ਸ: ਸੇਵਾ ਸਿੰਘ ਜੀ 'ਸੇਵਕ', ਤਰਨ ਤਾਰਨ ]

ਸੰਸਾਰ ਦੇ ਢਾਈ ਅਰਬ ਜੀਵਾਂ ਵਿਚੋਂ ਅਨੇਕਾਂ ਜੀਵ ਅਜਿਹੇ ਹਨ ਜਿਨ੍ਹਾਂ ਨੂੰ ਪ੍ਰਾਪਤ ਮਾਨਸ ਜੀਵਨ ਦੀ ਸਾਰ ਤੇ ਕਦਰ ਮੂਲੋਂ ਈ ਨਹੀਂ । ਕੁਝ ਜੀਵ ਅਜਿਹੇ ਹਨ ਜਿਨ੍ਹਾਂ ਨੇ ਵਰਤਮਾਨ ਗਿਆਨ ਤੇ ਵਿਗਿਆਨ ਦਾ ਅਧਿਐਨ ਤਾਂ ਕੀਤਾ ਹੋਇਆ ਹੈ, ਪਰ ਅਜਿਹਾ ਗਿਆਨ ਨਕਾਰਾ ਤੇ ਗ਼ਲਤ ਹੋਣ ਕਰਕੇ ਮਨੁੱਖੀ ਜੀਵਨ ਤੇ ਇਸ ਦੇ ਮਨੋਰਥ-ਪਰਾਪਤੀ ਦੇ ਸਾਧਨਾਂ ਬਾਰੇ ਗ਼ਲਤ ਰਸਤੇ ਉਤੇ ਪਏ ਹੋਏ ਦਿਨ-ਕਟੀ ਕਰੀ ਜਾ ਰਹੇ ਹਨ । ਬਹੁਤ ਘਟ ਗਿਣਤੀ ਵਿਚ ਅਜਿਹੇ ਪ੍ਰਾਣਧਾਰੀ ਹਨ, ਜਿਨ੍ਹਾਂ ਨੇ ਮਨੁੱਖ ਦੇ ਸੰਸਾਰ ਉਤੇ ਆਉਣ ਦੇ ਮਨੋਰਥ ਤੇ ਉਸ ਦੀ ਪਰਾਪਤੀ ਦੇ ਸਾਧਨਾਂ ਦਾ ਠੀਕ ਅਨੁਮਾਨ ਲਾਇਆ ਹੈ ਅਤੇ ਉਹ ਅਜਿਹੇ ਸਾਧਨਾਂ ਉਤੇ ਵਰਤੋਂ ਕਰ ਕੇ ਆਪਣੇ ਜਨਮ ਨੂੰ ਸਫਲਾ ਕਰ ਰਹੇ ਹਨ; ਪਰ ਅਜਿਹੇ ਸੁਭਾਗੇ ਪੁਰਸ਼ :

ਹੈਨ ਵਿਰਲੇ ਨਾਹੀ ਘਣੇ, ਫੈਲ ਫਕੜ ਸੰਸਾਰਿ ॥

ਭਿੰਨ ਭਿੰਨ ਮਤ-ਮਤਾਂਤਰਾਂ ਨੇ ਸੰਸਾਰ ਦੀ ਰਚਨਾ ਤੇ ਮਾਨਸ ਦੇਹ ਬਾਰੇ ਆਪੋ ਆਪਣੇ ਵਿਚਾਰ, ਲੋਕਾਂ ਦੇ ਪੇਸ਼ ਕੀਤੇ ਹਨ, ਜਿਵੇਂ ਕਿ :

੧. ਮਾਇਆ ਦੇ ਬ੍ਰਹਮ ਨੂੰ ਵਿਆਪਣ ਦੇ ਸਮੇਂ ਸ੍ਰਿਸ਼ਟੀ ਦੀ ਰਚਨਾ ਹੁੰਦੀ ਹੈ ।

੨. ਜੀਵ ਆਪੋ ਆਪਣੇ ਕਰਮਾਂ ਅਨੁਸਾਰ ਜੰਮਦੇ ਮਰਦੇ ਰਹਿੰਦੇ ਹਨ ।

੩. ਕੁਝ ਖ਼ਾਸ ਮਾਦੀ ਨਿਯਮਾਂ ਦੇ ਵਿਕਾਸ ਦੇ ਸਿਧਾਂਤ ਅਨੁਸਾਰ, ਸੰਸਾਰ ਦੀ ਰਚਨਾ ਆਪਣੇ ਆਪ ਹੁੰਦੀ ਰਹਿੰਦੀ ਹੈ ।

੪. ਪ੍ਰਕਿਰਤੀ ਇਸ ਵਾਸਤੇ ਸੰਸਾਰ ਦੀ ਰਚਨਾ ਰਚਦੀ ਹੈ ਕਿ ਪੁਰਸ਼ ਨੂੰ ਗਿਆਨ ਹੋ ਜਾਵੇ ।

ਉਪਰੋਕਤ ਖ਼ਿਆਲ ਤੇ ਇਹੋ ਜਿਹੇ ਹੀ ਕੁਝ ਹੋਰ ਵਿਚਾਰ ਹਨ ਤੇ ਆਮ ਲੋਕਾਂ ਵਿਚ ਪਰਚਲਤ ਹਨ; ਪਰ ਅਜਿਹੇ ਵਿਚਾਰਵਾਨਾਂ ਨੇ, ਸੰਸਾਰ ਦੀ ਰਚਨਾ ਤੇ ਮਨੁੱਖਾ ਜਨਮ ਦੇ ਰਹੱਸ ਨੂੰ ਨਹੀਂ ਜਾਣਿਆ, ਜਿਸ ਕਰਕੇ ਉਹ ਭੰਬਲ-ਭੂਸਿਆਂ ਵਿਚ ਪਏ ਹੋਏ ਹਨ ਤੇ ਆਪਣੀਆਂ ਅਸਤ-ਬਿਅਸਤ ਗੱਲਾਂ ਨਾਲ ਹੋਰਨਾਂ ਨੂੰ ਭੀ ਭੰਬਲ-ਭੂਸਿਆਂ ਵਿਚ ਪਾਈ ਰਖਦੇ ਹਨ ।

ਗੁਰਮਤਿ ਅਨੁਸਾਰ ਸੰਸਾਰ ਦੀ ਰਚਨਾ ਇਕ ਰੱਬੀ ਕੌਤਕ ਹੈ ਤੇ ਇਸ ਦੇ ਪਿਛੇ ਇਕ ਸਰਬ-ਵਿਆਪਕ ਅਗੰਮੀ ਸਤਿਆ ਕੰਮ ਕਰ ਰਹੀ ਹੈ । ਸੰਸਾਰ ਦੀ ਉਤਪਤੀ ਜਾਂ ਬਿਨਾਸ ਉਸ ਸ਼ਕਤੀ ਦੇ ਹੁਕਮ ਅਨੁਸਾਰ ਹੀ ਹੁੰਦਾ ਹੈ । ਰਚਿਤ ਜੀਵ ਉਸ ਹੁਕਮ ਦਾ ਭੇਦ ਜਾਨਣ ਤੋਂ ਅਸਮਰਥ ਹੈ ।

ਵਰਤਮਾਨ ਯੁਗ ਤੇ ਅਜੋਕੜੇ ਸੰਸਾਰ ਵਿਚ ਮਾਦਾ-ਪ੍ਰਸਤੀ ਦਾ ਬਲਵਾਨ ਬੋਲ ਬਾਲਾ ਹੈ ਅਤੇ ਵਿਸ਼ਾਲ ਮਤਾਂ ਦੇ ਅਨੁਆਈ ਲੋਕ ਵੀ ਮਾਦੀ ਖਿਆਲ ਤੋਂ ਉਚੇਰੇ ਨਹੀਂ ਉਠ ਸਕਦੇ । ਇਸੇ ਪਦਾਰਥਕ ਗੁੰਝਲ ਨੂੰ ਸੁਲਝਾਉਣ ਲਈ ਹੀ ਸਿਖ ਗੁਰੂ ਸਾਹਿਬਾਂ ਨੇ ਗੁਰਮਤਿ ਦਾ ਪਰਕਾਸ਼ ਕੀਤਾ ਸੀ ।

ਗੁਰਮਤਿ ਅਨੁਸਾਰ ਮਨੁੱਖ ਸਰੀਰ ਨਿਰਾ ਪੰਜਾਂ ਤੱਤਾਂ ਦੇ ਮੇਲ ਦੀ ਬਣਤਰ ਹੀ ਨਹੀਂ ਹੈ ਤੇ ਨਾ ਹੀ ਇਸ ਵਜੂਦ ਦੇ ਮੁੜ ਪੰਜਾਂ ਤੱਤਾਂ ਵਿਚ ਮਿਲ ਜਾਣ ਤੋਂ ਇਸ ਦੀ ਹੋਂਦ ਨਾਸ ਹੋ ਜਾਂਦੀ ਹੈ, ਸਗੋਂ ਇਸ ਮਿੱਟੀ ਦੇ ਪੁਤਲੇ ਵਿਚ ਜਦ ਨਿਰੰਕਾਰ ਜੀ ਆਪਣੀ ਜੋਤ ਟਿਕਾਉਂਦੇ ਹਨ ਤਾਂ ਇਹ ਸੰਸਾਰ ਵਿਚ ਜਨਮ ਧਾਰਦਾ ਹੈ ਤੇ ਜਦੋਂ ਉਹ ਆਪਣੀ ਜੋਤ ਇਸ ਵਿਚੋਂ ਖਿੱਚ ਲੈਂਦੇ ਹਨ ਤਾਂ ਇਸ ਦੀ ਬਣਤਰ ਦੇ ਕਾਇਮ ਹੁੰਦਿਆਂ ਵੀ ਇਹ ਵੇਖ, ਸੁਣ, ਸਮਝ ਜਾਂ ਹਿਲਜੁਲ ਨਹੀਂ ਸਕਦਾ । ਸਰੀਰ ਦੀ ਇਸ ਹੋਂਦ ਸੰਬੰਧੀ ਗੁਰੂ ਅਮਰਦਾਸ ਜੀ ਫ਼ੁਰਮਾਉਂਦੇ ਹਨ :

'ਏ ਸਰੀਰਾ ਮੇਰਿਆ ! ਹਰਿ ਤੁਮ ਮਹਿ ਜੋਤਿ
ਰਖੀ, ਤਾ ਤੂੰ ਜਗ ਮਹਿ ਆਇਆ'

ਅਤੇ ਏਸੇ ਤਰ੍ਹਾਂ ਜਦ ਵਾਹਿਗੁਰੂ ਜੀ ਆਪਣੀ ਜੋਤ ਖਿੱਚ ਲੈਂਦੇ ਹਨ ਤਾਂ ਸਾਰੀ ਚੇਸ਼ਟਾ-ਸ਼ਕਤੀ ਦਾ ਅੰਤ



www.AKJ.Org

ਹੋ ਜਾਂਦਾ ਹੈ । ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦਾ ਫ਼ੁਰਮਾਨ ਹੈ —

ਜਬ ਉਦਕਰਖ ਕਰਾ ਕਰਤਾਰਾ ।
ਪ੍ਰਜਾ ਧਰਤ ਤਬ ਦੇਹ ਅਪਾਰਾ ।
ਜਬ ਆਕ੍ਰਖ ਕਰਤ ਹੋ ਕਬਹੂੰ ।
ਤੁਮ ਮੈ ਮਿਲਤ ਦੇਹ ਧਰ ਸਬਹੂੰ ।

ਇਨ੍ਹਾਂ ਮਹਾਂਵਾਕਾਂ ਤੋਂ ਇਹ ਗੱਲ ਸਿੱਧ ਹੁੰਦੀ ਹੈ ਕਿ ਮਨੁੱਖੀ ਸਰੀਰ ਨਿਰੀ ਮਿੱਟੀ ਦੀ ਮੜੋਲੀ ਹੀ ਨਹੀਂ ਹੈ ਸਗੋਂ ਅਸਲ ਮਨੁੱਖਤਾ ਇਸ ਸਰੀਰ ਵਿਚ ਵਸਦੀ ਰੱਬੀ ਜੋਤ ਹੈ, ਜਿਹੜੀ ਮਨੁੱਖ ਦੇ ਜਨਮ ਲੈਣ ਤੋਂ ਪਹਿਲਾਂ ਵੀ ਹੈਸੀ ਤੇ ਸਰੀਰ ਦੇ ਨਾਸ ਹੋਣ ਪਿਛੋਂ ਵੀ ਅਦ੍ਰਿਸ਼ਟ ਮੰਡਲਾਂ ਵਿਚ ਕਾਇਮ ਰਹਿੰਦੀ ਹੈ । ਨਿਰੰਕਾਰੀ ਅਸਲੇ ਤੋਂ ਮਿਲੀ ਇਸ ਜੋਤ ਨੂੰ ਪਰਜਵਲਤ ਕਰ ਕੇ ਆਪਣੇ ਮੂਲ ਕੇਂਦਰ ਦੇ ਵਿਚ ਮਿਲਾਉਣਾ ਹੀ ਮਨੁੱਖੀ ਜੀਵਨ ਦਾ ਉਦੇਸ਼ ਤੇ ਮਨੋਰਥ ਹੈ । ਇਸ ਤੋਂ ਛੁਟ ਹੋਰ ਕੋਈ ਨਹੀਂ । ਗੁਰੂ ਜੀ ਫ਼ੁਰਮਾਉਂਦੇ ਹਨ :—

ਮਨ ! ਤੂੰ ਜੋਤਿ ਸਰੂਪ ਹੈ, ਆਪਣਾ ਮੂਲੁ ਪਛਾਣ ।
ਮਨ ! ਹਰਿ ਜੀ ਤੇਰੇ ਨਾਲ ਹੈ,ਗੁਰਮਤੀ ਰੰਗੁ ਮਾਣ ।
[ਆਸਾ ਮ: ੩

ਜੀਵ-ਆਤਮਾ ਦਾ ਅਸਲਾ ਨਿਰੰਕਾਰ ਜੀ ਤੋਂ ਹੈ । ਇਹ ਆਪਣੇ ਅਸਲੇ ਵਿਚ ਲੀਨ ਹੋਣ ਵਾਸਤੇ ਹੀ ਸਰੀਰ ਵਿਚ ਆਇਆ ਹੈ । ਜਦ ਤਕ ਇਹ ਪੂਰਨਤਾ ਤਕ ਨਹੀਂ ਪੁੱਜਦਾ ਤਦ ਤਕ ਜੰਮਣ ਮਰਨ ਦੇ ਚੁਰਾਸੀ ਦੇ ਗੇੜ ਵਿਚ ਪਇਆ ਰਹਿੰਦਾ ਹੈ । ਜਿਹੋ ਜਿਹੇ ਕਰਮ ਇਹ ਕਰਦਾ ਹੈ ਉਹੋ ਜਿਹੇ ਸੰਸਕਾਰ ਇਸ ਦੇ ਅੰਦਰ ਪੈਂਦੇ ਰਹਿੰਦੇ ਹਨ ਤੇ ਉਨ੍ਹਾਂ ਸੰਸਕਾਰਾਂ ਦੇ ਮੁੜ ਮੁੜ ਵਿਆਪਨ ਤੋਂ ਇਸ ਦਾ ਸੁਭਾਉ ਬਣਦਾ ਜਾਂਦਾ ਹੈ । ਫੇਰ ਜੀਵ ਆਪਣੇ ਸੰਚਿਤੁ ਸੁਭਾਉ ਅਨੁਸਾਰ ਕਰਮਾਂ ਵਿਚ ਰੁੱਝਾ ਰਹਿੰਦਾ ਹੈ ।

ਗੁਰਮਤਿ ਦਸਦੀ ਹੈ ਕਿ ਇਸ ਸੰਸਾਰ ਦੀ ਰਚਨਾ ਰੱਬੀ ਹੁਕਮ ਤੋਂ ਹੋਈ ਹੈ —

ਹੁਕਮੀ ਸਹਿਜੇ ਸ੍ਰਿਸਟਿ ਉਪਾਈ ॥
ਕਰਿ ਕਰਿ ਵੇਖੈ ਆਪਣੀ ਵਡਿਆਈ ॥
[ਮਾਝ ਮ: ੧

ਅਕਾਲ ਪੁਰਖ ਨੇ ਇਸ ਚੁਰਾਸੀ ਲਖ ਜੂਨ ਵਿਚ ਰਚੀ ਸ੍ਰਿਸ਼ਟੀ ਵਿਚੋਂ ਸਰਬ ਉੱਚਤਾ ਕੇਵਲ ਮਨੁੱਖ ਨੂੰ ਹੀ ਬਖ਼ਸ਼ੀ ਹੈ :—

ਲਖ ਚਉਰਾਸੀਹ ਜੋਨਿ ਸਬਾਈ ॥
ਮਾਨਸ ਕਉ ਪ੍ਰਭਿ ਦੀਈ ਵਡਿਆਈ ॥......
ਅਵਰ ਜੋਨਿ ਤੇਰੀ ਪਨਿਹਾਰੀ ॥
ਇਸੁ ਧਰਤੀ ਮਹਿ ਤੇਰੀ ਸਿਕਦਾਰੀ ॥
[ਆਸਾ ਮ: ੫

ਮਨੁੱਖ ਜੂਨ ਨੂੰ ਨਿਰੰਕਾਰ ਜੀ ਨੇ ਸੋਚਣ, ਵਿਚਾਰਨ, ਮੰਨਣ, ਵਰਤੋਂ ਕਰਨ ਦੇ ਉੱਨਤ ਹੋਣ ਦੀ ਤਾਕਤ ਬਖ਼ਸ਼ੀ ਹੈ । ਇਹੋ ਕਾਰਨ ਹੈ ਕਿ ਜਿਥੇ ਪਦਾਰਥਕ ਖੋਜ ਕਰਦਿਆਂ ਕਰਦਿਆਂ ਇਸ ਨੇ ਹੈਰਾਨ ਕਰ ਦੇਣ ਵਾਲੀਆਂ ਕਾਢਾਂ ਕੱਢ ਲਈਆਂ ਹਨ, ਉਥੇ ਇਸ ਨੇ ਅਧਿਆਤਮਕ ਮੰਡਲਾਂ ਦੀ ਖੋਜ ਤੇ ਉੱਚਾ ਗਿਆਨ ਵੀ ਪਰਾਪਤ ਕਰ ਲਇਆ ਹੈ । ਸਤਿਗੁਰੂ ਜੀ ਦਸਦੇ ਹਨ ਕਿ ਮਨੁੱਖੀ ਸਰੀਰ ਨਿਰੀ ਇਤਫ਼ਾਕ ਨਾਲ ਮਿਲੀ ਚੀਜ਼ ਹੀ ਨਹੀਂ, ਸਗੋਂ ਇਹ ਬੜੇ ਉਤਮ ਭਾਗਾਂ ਨਾਲ ਪਰਾਪਤ ਹੁੰਦਾ ਹੈ । ਇਸ ਨੂੰ ਨੀਵੀਂ ਰਹਿਣੀ ਬਹਿਣੀ ਜਾਂ ਘਟੀਆ ਵਿਚਾਰਾਂ ਤੇ ਕੰਮਾਂ ਵਿਚ ਲਾ ਕੇ ਨਿਸਫਲ ਨਹੀਂ ਗੁਆਉਣਾ ਚਾਹੀਦਾ । ਇਸ ਦੀ ਸੋਹਣੇ ਤਰੀਕੇ ਨਾਲ ਪਾਲਣਾ ਤੇ ਕਦਰ ਕਰਨੀ ਚਾਹੀਦੀ ਹੈ, ਕਿਉਂਕਿ ਜੀਵ ਦੇ ਚੁਰਾਸੀ ਦੇ ਗੇੜ ਵਿਚੋਂ ਛੁੱਟਣ ਦਾ ਇਹ ਇਕੋ ਇਕ ਵਸੀਲਾ ਹੈ । ਇਸ ਦੀ ਨਿਸਫਲਤਾ ਜੀਵ ਨੂੰ ਜਨਮ ਮਰਨ ਦੇ ਗੇੜ ਵਿਚ ਪਾਈ ਰਖਦੀ ਹੈ :—

ਇਸ ਪਉੜੀ ਤੇ ਜੋ ਨਰੁ ਚੂਕੈ,
ਸੋ ਆਇ ਜਾਇ ਦੁਖੁ ਪਾਇਦਾ ॥
[ਮਾਰੂ ਮ: ੫

ਕਬੀਰ ਜੀ ਫ਼ੁਰਮਾਉਂਦੇ ਹਨ ਕਿ ਜਿਵੇਂ ਪਕਿਆ ਹੋਇਆ ਫਲ ਡਾਲੀ ਨਾਲੋਂ ਟੁੱਟ ਕੇ ਮੁੜ ਨਹੀਂ ਲਗ ਸਕਦਾ ਏਸੇ ਤਰ੍ਹਾਂ ਦੁਰਲਭ ਮਾਨਸ ਜਨਮ ਵੀ



www.AKJ.Org

ਮੁੜ ਕੇ ਨਹੀਂ ਮਿਲ ਸਕਦਾ :–

ਕਬੀਰ ਮਾਨਸ ਜਨਮ ਦੁਲੰਭ ਹੈ,
ਹੋਇ ਨ ਬਾਰੈ ਬਾਰ ॥
ਜਿਉ ਬਨ ਫਲ ਪਾਕੇ ਭੁਇ ਗਿਰਹਿ,
ਬਹੁਰਿ ਨ ਲਾਗਹਿ ਡਾਰ ॥

ਇਹ ਦੁਰਲਭ ਮਾਨਸ ਦੇਹ ਤਦ ਹੀ ਸਫਲ ਹੋ ਸਕਦੀ ਹੈ ਜੇ ਨਾਮ ਸਿਮਰਨ ਦੁਆਰਾ ਨਾਮੀ ਵਾਹਿਗੁਰੂ ਵਿਚ ਅਭੇਦ ਹੋ ਜਾਵੇ, ਨਹੀਂ ਤਾਂ ਇਹ ਪਸ਼ੂ ਪੰਛੀਆਂ ਤੋਂ ਭੀ ਨਖਿੱਧ ਹੈ :–

ਦੁਲਭ ਦੇਹਿ ਪਾਈ ਵਡਭਾਗੀ ॥
ਨਾਮੁ ਨਾ ਜਪਹਿ ਤੇ ਆਤਮਘਾਤੀ ॥
ਖਾਤ ਪੀਤ ਖੇਲਤ ਹਸਤ ਬਿਸਥਾਰ ॥
ਕਵਨ ਅਰਥ ਮਿਰਤਕ ਸੀਗਾਰ ?
ਜੋ ਨ ਸੁਨਹਿ ਜਸੁ ਪਰਮਾਨੰਦਾ ॥
ਪਸੁ ਪੰਖੀ ਤ੍ਰਿਗਦ ਜੋਨਿ ਤੇ ਮੰਦਾ ॥

ਭਗਤ ਰਵਿਦਾਸ ਜੀ ਦਾ ਫ਼ੁਰਮਾਨ ਹੈ :–

ਤ੍ਰਿਗਦ ਜੋਨਿ ਅਚੇਤ ਸੰਭਵ, ਪੁੰਨ ਪਾਪ ਅਸੋਚ ।
ਮਾਨੁਖਾ ਅਵਤਾਰ ਦੁਲਭ, ਤਿਹੀ ਸੰਗਤ ਪੋਚ ।

ਸ੍ਰੀ ਗੁਰੂ ਤੇਗ ਬਹਾਦਰ ਜੀ, ਸਿਖ ਨੂੰ ਉਸ ਦਾ ਫ਼ਰਜ਼ ਚਿਤਾਰਦੇ ਹੋਏ ਇਉਂ ਸੁਚੇਤ ਕਰਦੇ ਹਨ :—

(੧) ਸਾਧੋ ! ਗੋਬਿਦ ਕੇ ਗੁਨ ਗਾਵਉ ॥
ਮਾਨਸ ਜਨਮ ਅਮੋਲਕੁ ਪਾਇਓ,
ਬਿਰਥਾ ਕਾਹਿ ਗਵਾਵਉ ?
(੨) ਮਾਨਸ ਦੇਹ ਬਹੁਰਿ ਨਹ ਪਾਵੈ,
ਕਛੂ ਉਪਾਉ ਮੁਕਤਿ ਕਾ ਕਰੁ ਰੇ ॥
ਨਾਨਕ ਕਹਤ ਗਾਇ ਕਰੁਨਾਮੈ,
ਭਵ ਸਾਗਰ ਕੈ ਪਾਰਿ ਉਤਰੁ ਰੇ ॥
(੩) ਬਹੁਤ ਜਨਮ ਭਰਮਤ ਤੈ ਹਾਰਿਓ,
ਅਸਥਿਰ ਮਤਿ ਨਹੀ ਪਾਈ ॥
ਮਾਨਸ ਦੇਹ ਪਾਇ ਪਦ ਹਰਿ ਭਜੁ,
ਨਾਨਕ ਬਾਤ ਬਤਾਈ ॥...........

ਇਹ ਸਹੂਲਤ ਕੇਵਲ ਮਨੁੱਖੀ ਸਰੀਰ ਨੂੰ ਹੀ ਪਰਾਪਤ ਹੈ ਕਿ ਜੀਵ, ਇਸ ਦੇਹ ਵਿਚ ਸਤਿਗੁਰੂ ਜੀ ਦੀ ਸੇਵਾ ਕਰ ਕੇ, ਭਾਵ ਗੁਰ-ਉਪਦੇਸ਼ਾਂ ਉਤੇ ਚਲ ਕੇ ਆਪਣਾ ਲੋਕ ਪਰਲੋਕ ਸਵਾਰ ਸਕਦਾ ਹੈ । ਵੱਡੀਆਂ ਉਮਰਾਂ ਵਾਲੇ ਦੇਵਤੇ ਵੀ ਲੋਚਾ ਕਰਦੇ ਹਨ ਕਿ ਉਹ ਕਿਸੇ ਤਰ੍ਹਾਂ ਦੇਵ ਜੂਨੀ ਤੋਂ ਛੁਟਕਾਰਾ ਪਾ ਕੇ ਮਾਨਸ ਜਨਮ ਵਿਚ ਆਉਣ, ਤਾਂਕਿ ਜਨਮ ਮਰਨ ਦੇ ਗੇੜ ਤੋਂ ਬਚ ਸਕਣ । ਇਸ ਗੱਲ ਨੂੰ ਬਾਣੀ ਵਿਚ ਇਉਂ ਸਪੱਸ਼ਟ ਕੀਤਾ ਗਇਆ ਹੈ –

ਗੁਰ ਸੇਵਾ ਤੇ ਭਗਤਿ ਕਮਾਈ ॥
ਤਬ ਇਹ ਮਾਨਸ ਦੇਹੀ ਪਾਈ ॥
ਇਸ ਦੇਹੀ ਕਉ ਸਿਮਰਹਿ ਦੇਵ ॥
ਸੋ ਦੇਹੀ ਭਜੁ ਹਰਿ ਕੀ ਸੇਵ ॥
ਭਜਹੁ ਗੋਬਿੰਦ ਭੂਲਿ ਮਤੁ ਜਾਹੁ ॥
ਮਾਨਸ ਜਨਮ ਕਾ ਏਹੀ ਲਾਹੁ ॥

ਪ੍ਰਭੂ-ਭਗਤੀ ਤੋਂ ਬਿਨਾਂ ਮਨੁੱਖੀ ਸਰੀਰ ਮੁੜ ਮੁੜ ਜੂਨਾਂ ਵਿਚ ਆਉਂਦਾ ਜਾਂਦਾ ਰਹਿੰਦਾ ਹੈ :–

ਲਖ ਚਉਰਾਸੀਹ ਆਪਿ ਉਪਾਇ ॥
ਮਾਨਸ ਜਨਮਿ ਗੁਰ ਭਗਤਿ ਦ੍ਰਿੜਾਏ ॥
ਬਿਨੁ ਭਗਤੀ ਬਿਸਟਾ ਵਿਚਿ ਵਾਸਾ
ਵਿਸਟਾ ਵਿਚਿ ਫਿਰਿ ਪਾਇਦਾ ॥

ਮਨੁੱਖੀ ਸਰੀਰ, ਅਕਾਲ ਪੁਰਖ ਦਾ ਨਿਵਾਸ-ਅਸਥਾਨ ਹੈ। ਇਹ ਹਰੀ ਦਾ ਮੰਦਰੁ ਹੈ, ਕਿਉਂਕਿ ਇਸ ਦੀ ਪਰਾਪਤੀ ਤੋਂ ਬਿਨਾਂ ਨਾ ਤਾਂ ਵਾਹਿਗੁਰੂ ਜੀ ਦੇ ਸਰੂਪ ਦੀ ਲਖਤਾ ਹੋ ਸਕਦੀ ਹੈ ਤੇ ਨਾ ਹੀ ਪਰਮਾਤਮਾ ਦੀ ਸਰਬ-ਵਿਆਪਕ ਹੋਂਦ ਦੀ ਦਿਸਦੇ ਸੰਸਾਰ ਵਿਚ ਪਰਤੀਤੀ ਹੋ ਸਕਦੀ ਹੈ ।

ਫ਼ੁਰਮਾਨ ਹੈ :–

ਹਰਿਮੰਦਰੁ ਸੋਈ ਆਖੀਐ
ਜਿਥਹੁ ਹਰਿ ਜਾਤਾ ॥
ਮਾਨਸ ਦੇਹਿ ਗੁਰਬਚਨੀ ਪਾਇਆ
ਸਭੁ ਆਤਮ ਰਾਮੁ ਪਛਾਤਾ ॥

ਕਲੂ ਕਾਲ ਵਿਚ ਨਾਮੁ ਸਿਮਰਨ, ਹਰੀ ਜਸ ਤੇ ਗੁਰਬਾਣੀ ਦਾ ਨਿਰਬਾਣ ਕੀਰਤਨ ਵੀ ਇਸੇ ਸਰੀਰ ਰਾਹੀਂ ਹੀ ਕੀਤਾ ਜਾ ਸਕਦਾ ਹੈ ਅਤੇ ਇਹੋ ਸਾਧਨ ਜੀਵ-ਆਤਮਾ ਦਾ ਪਰਮਾਤਮਾ ਨਾਲ ਮੇਲ ਕਰਾਉਣ ਦੀ


www.AKJ.Org

ਸਮਰਥਾ ਰਖਦੇ ਹਨ। ਜਿਵੇਂ :—

ਧੰਨੁ ਸੁ ਮਾਣਸ ਦੇਹੀ ਪਾਈ, ਜਿਤੁ ਪ੍ਰਭਿ ਆਪਨੈ ਮੇਲਿ ਲੀਓ ॥ ਧੰਨ ਸੁ ਕਲਿਜੁਗੁ ਸਾਧ ਸੰਗਿ ਕੀਰਤਨ ਗਾਈਐ, ਨਾਨਕ ਨਾਮੁ ਅਧਾਰ ਹੀਓ ॥

ਵਾਹਿਗੁਰੂ ਜੀ ਦੇ ਨਾਮ-ਸਿਮਰਨ ਤੇ ਪ੍ਰਭੂ-ਯਾਦ ਤੋਂ ਬਿਨਾਂ ਇਹ ਸਰੀਰ ਵੀ ਇਕ ਲੋਥ ਦੀ ਨਿਆਈਂ ਹੈ। ਅਸਲੀ ਜੀਵਨ ਤਾਂ ਹੈ ਹੀ ਰੱਬੀ ਯਾਦ।

ਮਾਨੁਖ ਬਿਨੁ ਬੂਝੇ ਬਿਰਥਾ ਆਇਆ ॥
ਅਨਿਕ ਸਾਜ ਸੀਗਾਰ ਬਹੁ ਕਰਤਾ,
ਜਿਉ ਮਿਰਤਕੁ ਓਢਾਇਆ ॥੧॥ਰਹਾਉ॥
ਧਾਇ ਧਾਇ ਕ੍ਰਿਪਨ ਸ੍ਰਮੁ ਕੀਨੋ,
ਇਕਤ੍ਰ ਕਰੀ ਹੈ ਮਾਇਆ ॥
ਦਾਨ ਪੁੰਨ ਨਹੀ ਸੰਤਨ ਸੇਵਾ,
ਕਿਤਹੀ ਕਾਜਿ ਨਾ ਆਇਆ ॥

ਸਾਰਾ ਮਨੁੱਖੀ ਸਰੀਰ, ਤੇ ਇਸ ਦੇ ਗਿਆਨ ਤੇ ਕਰਮ ਇੰਦਰੇ ਤਦੇ ਹੀ ਸਫਲ ਹਨ ਜੇ ਇਹ ਆਪਣੇ ਅੰਦਰ ਵਸਦੀ ਰੱਬੀ ਜੋਤ ਨੂੰ ਗੁਰੂ-ਗਿਆਨ ਦੁਆਰਾ ਪਰਦੀਪਤ ਕਰਨ। ਇਸ ਦੇਹੀ ਦੀ ਪਾਲਣਾ ਪੋਸ਼ਣਾ ਵੀ ਇਸੇ ਉਦੇਸ਼ ਦੀ ਪਰਾਪਤੀ ਲਈ ਕਰਨੀ ਉਚਿੱਤ ਹੈ :—

ਘਟਿ ਵਸਹਿ ਚਰਣਾਰਬਿੰਦ,ਰਸਨਾ ਜਪੈ ਗੁਪਾਲ ॥
ਨਾਨਕ ਸੋ ਪ੍ਰਭੁ ਸਿਮਰੀਐ,ਤਿਸੁ ਦੇਹੀ ਕਉ ਪਾਲਿ ॥

ਅਨੇਕ ਜੀਵਾਂ ਦਾ ਮਨੋਰਥ ਮਾਇਆ ਇਕੱਠੀ ਕਰਨਾ ਹੈ, ਤਾਂਕਿ ਉਹ ਮਾਇਆ ਦੁਆਰਾ ਪਰਾਪਤ ਕੀਤੇ ਜਾਣ ਵਾਲੇ ਸੁਖਾਂ ਨੂੰ ਵਧ ਤੋਂ ਵਧ ਰੂਪਾਂ ਵਿਚ ਮਾਣ ਸਕਣ। ਅਜਿਹੇ ਪੁਰਸ਼ ਰਾਤ ਦਿਨੇ ਇਸੇ ਧੁਨ ਵਿਚ ਲਗੇ ਰਹਿੰਦੇ ਹਨ ਕਿ ਉਨ੍ਹਾਂ ਨੂੰ ਸਾਰੇ ਸੁਖ ਸਦਾ ਵਾਸਤੇ ਮਿਲਦੇ ਰਹਿਣ। ਪਰ ਮਾਇਕ ਤੇ ਪਦਾਰਥਕ ਸੁੱਖਾਂ ਦਾ ਕਿਤੇ ਅੰਤ ਨਹੀਂ ਆਉਂਦਾ। ਪਦਾਰਥ ਵਿਦਿਆ ਦੀ ਆਪਣੀ ਖੋਜ ਹੀ ਪੂਰੀ ਹੋਣ ਵਿਚ ਨਹੀਂ ਆਉਂਦੀ। ਅਗੇ ਤੋਂ ਅਗੇ ਤੁਰੀ ਰਹਿੰਦੀ ਹੈ। ਫੇਰ ਮਾਦੇ ਤੋਂ ਸੁੱਖਾਂ ਦੀ ਆਸ ਰਖਣ ਵਾਲਿਆਂ ਦੀ ਲਾਲਸਾ ਕਿਵੇਂ ਮਿਟ ਸਕਦੀ ਹੈ ? ਉਨ੍ਹਾਂ ਦੀ ਤ੍ਰਿਸ਼ਨਾ ਤਾਂ ਅੱਗ ਦੇ ਬਲਦੇ ਭਾਂਬੜਾਂ ਵਿਚ ਬਾਲਣ ਪਾਉਣ ਵਾਂਗ ਵਧੇਰੇ ਮੱਚਦੀ ਹੈ। ਅਜਿਹੇ ਪਦਾਰਥ ਸੁੱਖਾਂ ਨੂੰ ਭੋਗਣ ਵਾਲੇ ਜੀਵ ਜਦ ਇਕ ਮਾਇਕ ਚਮਤਕਾਰੇ ਦਾ ਸੁਖ ਭੋਗ ਲੈਂਦੇ ਹਨ ਤਾਂ ਦੂਜੇ ਵਲ ਲਗ ਜਾਂਦੇ ਹਨ। ਜਦ ਦੂਜਾ ਸੁਖ ਮਾਣ ਲੈਂਦੇ ਹਨ ਤਾਂ ਤੀਜੇ ਵਲ ਰੁਚਿਤ ਹੋ ਜਾਂਦੇ ਹਨ। ਹਵਾ ਦੇ ਬੁੱਲਿਆਂ ਵਾਂਗ ਉਨ੍ਹਾਂ ਦੀ ਤ੍ਰਿਸ਼ਨਾ ਵਧਦੀ ਚਲੀ ਜਾਂਦੀ ਹੈ। ਵਧੀ ਹੋਈ ਤ੍ਰਿਸ਼ਨਾ ਦੀ ਪਰਾਪਤੀ ਪਿਛੇ ਲਗਾ ਹੋਇਆ ਮਨ,ਸਦਾ ਭਟਕਦਾ ਹੀ ਰਹਿੰਦਾ ਹੈ। ਅਜ ਵਿਗਿਆਨ ਵਿਚ ਉਨਤ ਹੋ ਚੁਕੇ ਦੇਸ਼, ਗ੍ਰਹਿਆਂ ਤੇ ਉਪਗ੍ਰਹਿਆਂ ਦੀ ਖੋਜ ਵਿਚ ਲੱਖਾਂ ਕਰੋੜਾਂ ਮੀਲਾਂ ਤਕ ਪੁਲਾੜ ਨੂੰ ਗਾਹ ਰਹੇ ਹਨ ਅਤੇ ਇਨ੍ਹਾਂ ਅਣਲੱਭੀਆਂ ਥਾਵਾਂ ਵਿਚੋਂ ਸੁੱਖਾਂ ਦੀ ਇੱਛਾ ਕਰ ਰਹੇ ਹਨ। ਪਰ ਸਵਾਲ ਤਾਂ ਇਹ ਹੈ ਕਿ ਕੀ ਹੁਣ ਤਕ ਪਦਾਰਥ-ਵਿਦਿਆ ਦੀ ਹੋਈ ਖੋਜ ਨੇ ਮਾਨਸਿਕ ਸੁੱਖਾਂ ਵਿਚ ਵਾਧਾ ਕੀਤਾ ਹੈ ? ਨਹੀਂ, ਬਿਲਕੁਲ ਨਹੀਂ। ਹਾਂ, ਸਰੀਰਕ ਸੁੱਖਾਂ ਵਿਚ ਕਾਫ਼ੀ ਹੱਦ ਤਕ ਵਾਧਾ ਕੀਤਾ ਹੈ, ਪਰ ਨਾਲ ਹੀ ਦੁੱਖਾਂ ਵਿਚ ਵੀ ਵਾਧਾ ਹੋਇਆ ਹੈ। ਸਭ ਤੋਂ ਵੱਡੀ ਦੁਖਦਾਈ ਗੱਲ ਤਜਰਬੇ ਵਿਚ ਇਹ ਆਈ ਹੈ ਕਿ ਮਨੁੱਖ ਦੀ ਤ੍ਰਿਸ਼ਨਾ ਤੇ ਭਟਕਣਾ ਵਧ ਰਹੀ ਹੈ, ਘਟੀ ਬਿਲਕੁਲ ਨਹੀਂ। ਮਾਨਸਿਕ ਸੰਤੁਸ਼ਟਤਾ ਤੇ ਆਤਮ-ਤ੍ਰਿਪਤੀ ਦੇ ਪਖੋਂ, ਜੀਵ ਊਣੇ ਦਾ ਊਣਾ ਹੀ ਰਹਿਆ ਹੈ। ਸੋ ਸਿਧ ਹੁੰਦਾ ਹੈ ਕਿ ਰੱਬੀ ਯਾਦ ਤੋਂ ਬਿਨਾਂ ਸਾਰੀ ਦੁਨੀਆ, ਖੰਡਾਂ ਬ੍ਰਹਿਮੰਡਾਂ ਦੀ ਮਾਲਕੀ ਤੇ ਉਨ੍ਹਾਂ ਦੇ ਸਾਰੇ ਸਾਧਨ ਜੀਵ ਨੂੰ ਸਾਰ-ਸੁਖ ਨਹੀਂ ਪੁਚਾ ਸਕਦੇ। ਕਲਜੁਗ ਦੇ ਵਿਚ ਗੁਰਬਾਣੀ ਦਾ ਕੀਰਤਨ ਤੇ ਨਾਮ ਦਾ ਸਿਮਰਨ ਹੀ ਵਧੀ ਹੋਈ ਹਉਮੈ ਤੇ ਤ੍ਰਿਸ਼ਨਾ ਨੂੰ ਸ਼ਾਂਤ ਕਰ ਕੇ ਜੀਵਾਂ ਦੀ ਸਚੇ ਆਤਮਿਕ ਸੁਖ ਵਿਚ ਸਮਾਈ ਕਰ ਸਕਦੇ ਹਨ। ਗੁਰਮਤਿ ਦੇ ਮੁਖੀ ਵਿਆਖਿਆਕਾਰ ਭਾਈ ਗੁਰਦਾਸ ਜੀ ਫ਼ੁਰਮਾਉਂਦੇ ਹਨ :—

ਚੌਰਾਸੀ ਲਖ ਜੋਨਿ ਵਿਚਿ,
ਉਤਮ ਜਨਮ ਸੁ ਮਾਣਸ ਦੇਹੀ।

[ਬਾਕੀ ਸਫ਼ਾ ੧੮ ਤੇ]



www.AKJ.Org

# ਗੁਰਸਿਖ ਰਹਿਣੀ

[ ਵਲੋਂ—ਗਿਆਨੀ ਪ੍ਰੇਮ ਸਿੰਘ ਜੀ ਖੜਕ, ਜਲੰਧਰ ]

ਮੰਤਰਾਂ ਚਿ ਜੰਤਰਾਂ ਚਿ, ਟੂਣਿਆਂ ਤੇ ਤੰਤਰਾਂ ਚਿ,
ਕਾਮਣਾਂ ਕੁਮੰਤਰਾਂ ਚਿ, ਮਨ ਨੂੰ ਟਿਕਾਈਂ ਨਾ।
ਮੰਦਰਾਂ ਚਿ, ਕੰਦਰਾਂ ਚਿ, ਜੋਗੀਆਂ ਕਲੰਦਰਾਂ ਚਿ,
ਕਲਰਾਂ ਤੇ ਬੰਜਰਾਂ ਚਿ, ਰਬ ਨੂੰ ਧਿਆਈਂ ਨਾ।
ਸ਼ਰਾਬ ਚੋਰੀ ਯਾਰੀ, ਛੱਡ ਜੂਏ ਦੀ ਬਿਮਾਰੀ,
ਫਿਰ ਹੋਇ ਨਾ ਖੁਆਰੀ, ਵੇਸਵਾ ਦੇ ਜਾਈਂ ਨਾ।
ਦੁੱਖਾਂ ਅਤੇ ਸੁੱਖਾਂ ਵਿਚ, ਨੰਗ ਅਤੇ ਭੁੱਖਾਂ ਵਿਚ,
ਬੇਮੁੱਖੀ ਮਨੁੱਖਾਂ ਵਿਚ, ਮਨ ਨੂੰ ਡੁਲਾਈਂ ਨਾ।੧।

ਮਸੀਤਾਂ ਸ਼ਿਵਾਲਿਆਂ ਚਿ, ਦੇਹਰਿਆਂ ਦੇਵਾਲਿਆਂ ਚਿ,
ਚਿੱਟਿਆਂ ਤੇ ਕਾਲਿਆਂ ਚਿ, ਮਨ ਭਟਕਾਈਂ ਨਾ।
ਮਨ ਸਮਝਾਈ ਜਾਣਾ, ਪਾਪਾਂ ਤੋਂ ਹਟਾਈ ਜਾਣਾ,
ਸਤਿ ਸੰਗ ਜਾਈ ਜਾਣਾ, ਨੇਮ ਨੂੰ ਹਟਾਈਂ ਨਾ।
ਕਿਸੇ ਦੀ ਨਾ ਕਾਣ ਮੰਨੀਂ, ਕਿਸੇ ਦੀ ਨਾ ਆਣ ਮੰਨੀਂ,
ਗੁਰੂ ਦਾ ਗਿਆਨ ਮੰਨੀਂ, ਕਦੇ ਭੀ ਭੁਲਾਈਂ ਨਾ।
ਪੰਡਤਾਂ ਮੁਲਾਣਿਆਂ ਚਿ, ਦੂਈ ਅੱਗਾਂ ਲਾਣਿਆਂ ਚਿ,
ਈਰਖਾ ਫੈਲਾਣਿਆਂ ਚਿ, ਮਨ ਨੂੰ ਮਿਲਾਈਂ ਨਾ।੨।

ਜੰਗਲਾਂ ਪਹਾੜਾਂ ਵਿਚ, ਬਸਤੀਆਂ ਉਜਾੜਾਂ ਵਿਚ,
ਝੁੰਡਾਂ ਤੇ ਝਾੜਾ ਵਿਚ, ਧੂਣੀਆਂ ਤਪਾਈਂ ਨਾ।
ਝੂਠਿਆਂ ਪਖੰਡਾਂ ਵਿਚ, ਪਿੱਪਲਾਂ ਤੇ ਜੰਡਾਂ ਵਿਚ,
ਪੋਹ ਮਾਘ ਠੰਢਾਂ ਵਿਚ, ਜਲਧਾਰੇ ਪਾਈਂ ਨਾ।
ਤੁਲਸੀ ਦੇ ਪੱਤਰਾਂ ਨੂੰ, ਗ੍ਰਿਹਾਂ ਤੇ ਨਛੱਤ੍ਰਾਂ ਨੂੰ,
ਠਾਕੁਰਾਂ ਦੇ ਪੱਥਰਾਂ ਨੂੰ, ਲਿੰਗ ਨੂੰ ਪੁਜਾਈਂ ਨਾ।
ਸਿਤੰਬਰਾਂ ਦਿਗੰਬਰਾਂ ਚਿ, ਨਬੀਆਂ ਪੈਗੰਬਰਾਂ ਚਿ,
ਝੂਠਿਆਂ ਅਡੰਬਰਾਂ ਚਿ, ਮਨ ਅਟਕਾਈਂ ਨਾ।੩।

ਸੋਧੀਆਂ ਕ੍ਰੋਧੀਆਂ ਚਿ, ਜੈਨੀਆਂ ਤੇ ਬੋਧੀਆਂ ਚਿ,
ਧਰਮ ਵਿਰੋਧੀਆਂ ਚਿ, ਨੇੜ ਬਹੁਤ ਪਾਈਂ ਨਾ।
ਆਰੀਆ ਸਮਾਜੀਆਂ ਚਿ, ਪਠਾਣਾਂ ਅਤੇ ਗ਼ਾਜ਼ੀਆਂ ਚਿ,
ਵੱਡਿਆਂ ਕੂਕਾਜੀਆਂ ਚਿ, ਜਾ ਕੇ ਘਬਰਾਈਂ ਨਾ।
ਨੜੀਮਾਰ, ਕੁੜੀਮਾਰ, ਮੀਣੇ ਤੇ ਮਸੰਦ ਯਾਰ,
ਧੀਰ ਮੱਲੀਆਂ ਦੇ ਧੀਆਂ ਪੁੱਤਰ ਵਿਆਹੀਂ ਨਾ।
ਰਿੱਧੀਆਂ ਤੇ ਸਿੱਧੀਆਂ ਨੂੰ, ਸ਼ਬਦ ਪ੍ਰਸਿੱਧੀਆਂ ਨੂੰ,
ਕਰਮ ਕਾਂਡ ਬਿਧੀਆਂ ਨੂੰ, ਮਨ ਚਿ ਵਸਾਈਂ ਨਾ।੪।

ਭਰਮਾਂ ਤੇ ਵਹਿਮਾਂ ਵਿਚ, ਡਰਾਂ ਅਤੇ ਸਹਿਮਾਂ ਵਿਚ,
ਨਿੰਦਿਆਂ ਤੇ ਮਹਿਮਾ ਵਿਚ, ਚਿੱਤ ਨੂੰ ਫਸਾਈਂ ਨਾ।
ਲਗਨਾਂ ਬਿਲਗਨਾਂ ਚਿ, ਸਗਨ ਅਪਸਗਨਾਂ ਚਿ,
ਭਦਨਾਂ ਤੇ ਖਦਨਾਂ ਚਿ, ਵੇਖੀਂ ਡਿੱਗ ਜਾਈਂ ਨਾ।
ਜਾਤ ਪਾਤ ਗਰਬ ਛੋੜ, ਛੂਤ ਛਾਤ ਸਰਬ ਤੋੜ,
ਨਾਹੀਂ ਪਰਦਰਬ ਲੋੜ, ਨੀਤ ਭਟਕਾਈਂ ਨਾ।੫।

ਧਾਨ ਪੂਜਾ ਅਸਥੈਨਾਂ ਦੇ, ਤੇ ਹੋਰ ਸਾਕ ਸੈਨਾਂ ਦੇ,
ਧੀਆਂ ਅਤੇ ਭੈਣਾਂ ਦੇ; ਪੈਸੇ ਕਦੇ ਖਾਈਂ ਨਾ।
ਸਨਾਤਨੀ ਖ਼ਿਆਲਾਂ ਵਿਚ, ਛੈਣਿਆਂ ਘੰਟਾਲਾਂ ਵਿਚ,
ਦੀਵੇ ਬਾਲ ਥਾਲਾਂ ਵਿਚ, ਆਰਤੀ ਕਰਾਈਂ ਨਾ।
ਸਿਰ ਦਸਤਾਰ ਰੱਖ, ਕੇਸ ਸਤਕਾਰ ਰੱਖ,
ਬਹੁਤ ਪਿਆਰ ਰੱਖ, ਕਲਫ਼ ਲਗਾਈਂ ਨਾ।
ਆਦਿ ਅੰਤ ਧਿਰ ਤੇਰਾ, ਗੁਰੂ ਦਾ ਹੈ ਸਿਰ ਤੇਰਾ,
ਜਨਮ ਨਾ ਫਿਰ ਤੇਰਾ, ਭਉਜਲ ਭੁਆਈਂ ਨਾ।੬।

ਪਿਤਾ ਦਸਮੇਸ਼ ਗੁਰ, ਸ੍ਰੀ ਮਾਤ ਸਾਹਿਬ ਕੁਰ,
ਜਨਮ ਅਨੰਦਪੁਰ, ਹੋਰ ਬਤਲਾਈਂ ਨਾ।
ਦਸ ਨਖ ਕਾਰ ਕਰ, ਦੂਜਿਆਂ ਦਾ ਭਾਰ ਹਰ,
ਚਿੱਤ ਕਰਤਾਰ ਧਰ, ਪਰ ਹੱਕ ਖਾਈਂ ਨਾ।
ਅੰਮ੍ਰਿਤ ਨੂੰ ਪਾਨ ਕਰ, ਗੁਰੂ ਦਾ ਧਿਆਨ ਕਰ,
ਦਸਵੰਧ ਆਨ ਧਰ, ਹਉਮੈ ਵਿਚ ਆਈਂ ਨਾ।
ਦੇਸ ਤੇ ਬਿਦੇਸ ਵਿਚ, ਸੁੱਖ ਤੇ ਕਲੇਸ਼ ਵਿਚ,
ਕਿਸੇ ਵੀ ਤੂੰ ਭੇਸ ਵਿਚ, ਬਚਨ ਭੁਲਾਈਂ ਨਾ।੭।



www.AKJ.Org

ਘਰ 'ਚ ਉਦਾਸ ਰਹੀਂ, ਟੱਬਰ ਦੇ ਪਾਸ ਰਹੀਂ,
ਕਰ ਅਰਦਾਸ ਰਹੀਂ, ਭਗਵੇ ਹੰਢਾਈਂ ਨਾ।
ਜੰਮਣ ਮਰਨ ਵਿਚ, ਹਰ ਕਾਜ ਕਰਨ ਵਿਚ,
ਰਹੀਂ ਗੁਰ ਸ਼ਰਨ ਵਿਚ, ਕਿਧਰੇ ਵੀ ਧਾਈਂ ਨਾ।
ਮੜੀਆਂ ਮਸਾਨਾਂ ਵਿਚ, ਗਊਆਂ ਅਤੇ ਸਾਨਾਂ ਵਿਚ,
ਪੰਖੀਆਂ ਹੈਵਾਨਾਂ ਵਿਚ, ਸ਼ਰਧਾ ਲਿਆਈਂ ਨਾ।
ਗੁਰੂ ਉੱਤੇ ਆਸ ਰੱਖ, ਪੂਰਾ ਭਰਵਾਸ ਰੱਖ,
ਨੀਅਤ ਨੂੰ ਰਾਸ ਰੱਖ, ਧੀਰਜ ਗੁਆਈਂ ਨਾ।੮।

ਮਾਵਾਂ ਭੈਣਾਂ ਧੀਆਂ ਜਾਣੀ, ਕੋਈ ਹੋਰ ਨਾ ਪਛਾਣੀ,
ਇਹੋ ਦੱਸੇ ਗੁਰਬਾਣੀ, ਚਿੱਤ ਨੂੰ ਡੁਲਾਈਂ ਨਾ।
ਪਹਿਲੇ ਪਰ-ਨਾਰ ਤੱਜ, ਨਸ਼ੇ ਤੇ ਵਿਕਾਰ ਤੱਜ,
ਖਾਣਾ ਮੁਰਦਾਰ ਤੱਜ, ਰੋਮਾਂ ਨੂੰ ਲੁਹਾਈਂ ਨਾ।

ਮਾਸ ਗਲ ਵਢ ਕੇ ਤੇ ਹਤਿਆ ਕਮਾਣ ਵਾਲਾ,
ਖਾਣਾ ਹਰਾਮ ਵਾਲਾ, ਕਦੇ ਵੀ ਤੂੰ ਖਾਈਂ ਨਾ।
ਪੰਜ ਹੀ ਕਕਾਰ ਧਰ, ਪੰਜ ਹੀ ਵਿਕਾਰ ਹਰ,
ਸਿੱਖੀ ਪਰਚਾਰ ਕਰ, ਰਹਤ ਤਜਾਈਂ ਨਾ।੯।

ਗੁਰੂ ਹੈ ਗ੍ਰੰਥ ਤੇਰਾ, ਖਾਲਸਾ ਹੈ ਪੰਥ ਤੇਰਾ,
ਇਹੋ ਸਿਮਰੰਥ ਤੇਰਾ, ਕਦੇ ਬਿਸਰਾਈਂ ਨਾ।
ਪੂਜਯ ਅਕਾਲ ਤੇਰਾ, ਗੁਰੂ ਸਦਾ ਨਾਲ ਤੇਰਾ,
ਰੱਖਦਾ ਖ਼ਿਆਲ ਤੇਰਾ, ਭਾਣੇ ਨੂੰ ਭੁਲਾਈਂ ਨਾ।
ਜੱਪ ਜਾਪ ਸਵੱਯੇ, ਚੋਪਈ ਤੇ ਅਨੰਦ ਜੀ,
ਸੋਦਰ ਤੇ ਸੋਹਿਲੇ ਬਿਨਾਂ ਵਕਤ ਗੁਆਈਂ ਨਾ।
"ਖੜਗ ਮ੍ਰਿਗੇਸ਼" ਕਹੇ, ਇਉਂ ਦਸਮੇਸ਼ ਕਹੇ,
ਬਚਨ ਹਮੇਸ਼ ਕਹੇ, ਵੇਖੀਂ ਭੁਲ ਜਾਈਂ ਨਾ।੧੦।

---

[ਸਫ਼ਾ ੧੯ ਦੀ ਬਾਕੀ]

ਅਖੀਂ ਵੇਖਣ ਕਰਨ ਸੁਣ,
ਮੁਖ ਸੁਭ ਬੋਲਣ ਬਚਨ ਸਨੇਹੀ।
ਹਥੀਂ ਕਾਰ ਕਮਾਵਣੀ,
ਪੈਰੀਂ ਚਲਿ ਸਤਿਸੰਗ ਮਿਲੇਹੀ।
ਕਿਰਤ ਵਿਰਤ ਕਰਿ ਧਰਮ ਦੀ,
ਖਟ ਖਵਾਲਣ ਕਾਰ ਕਰੇਹੀ।
ਗੁਰਮੁਖ ਜਨਮ ਸਕਾਰਥਾਂ,
ਗੁਰਬਾਣੀ ਪੜਿ ਸਮਝ ਸੁਣੇਹੀ।
ਗੁਰੁ ਭਾਈ ਸੰਤੁਸਟ ਕਰਿ,
ਚਰਨਾਮ੍ਰਿਤ ਲੈ ਮੁਖ ਪਿਵੇਹੀ।
ਪੈਰੀਂ ਪਵਣ ਨ ਛੋਡੀਐ,
ਕਲੀ ਕਾਲ ਰਹਰਾਸਿ ਕਰੇਹੀ।
ਆਪਿ ਤਰੇ ਗੁਰਸਿਖ ਤਰੇਹੀ। [ਵਾਰ ੧

ਸ੍ਰੀ ਗੁਰੂ ਅਰਜਨ ਦੇਵ ਜੀ ਮਾਝ ਰਾਗ ਦੀ ਅਸ਼ਟਪਦੀ ਵਿਚ ਮਾਨਸ ਜਨਮ ਨੂੰ ਜਿੱਤਣ ਅਥਵਾ ਸਫਲ ਕਰਨ ਦਾ ਸਾਧਨ ਇਉਂ ਫ਼ੁਰਮਾਉਂਦੇ ਹਨ :—

ਸੇਈ ਸੁੰਦਰ ਸੋਹਣੇ ॥
ਸਾਧੁ ਸੰਗਿ ਜਿਨ ਬੈਹਣੇ ॥
ਹਰਿ ਧਨੁ ਜਿਨੀ ਸੰਜਿਆ,
ਸੇਈ ਗੰਭੀਰ ਅਪਾਰ ਜੀਉ ॥੩॥......
ਕਰਤਾ ਮੰਨਿ ਵਸਾਇਆ ॥
ਜਨਮੈ ਕਾ ਫਲੁ ਪਾਇਆ ॥
ਮਨਿ ਭਾਵੰਦਾ ਕੰਤੁ ਹਰਿ,
ਤੇਰਾ ਥਿਰੁ ਹੋਆ ਸੋਹਾਗ ਜੀਉ ॥੭॥
ਅਟਲ ਪਦਾਰਥੁ ਪਾਇਆ ॥
ਭੈ ਭੰਜਨ ਕੀ ਸਰਣਾਇਆ ॥
ਲਾਇ ਅੰਚਲਿ ਨਾਨਕ ਤਾਰਿਅਨੁ
ਜਿਤਾ ਜਨਮੁ ਅਪਾਰ ਜੀਉ ॥੮॥

---

## ਪਿੰਡੀ (ਫ਼ਤਹਗੜ੍ਹ ਚੂੜੀਆਂ) ਵਿਖੇ ਕੀਰਤਨ ਰੈਣ ਸਬਾਈ—

ਸੰਗਤਾਂ ਦੇ ਚਰਨਾਂ ਵਿਚ ਬਿਨੈ ਹੈ ਕਿ ਦਾਸ ਦੇ ਗ੍ਰਿਹ ਵਿਖੇ (੨੬ ਜੇਠ) ੮ ਜੂਨ ੧੯੭੪ ਸ਼ਨੀਵਾਰ ਰਾਤ ਨੂੰ ਰੈਣ-ਸਬਾਈ ਕੀਰਤਨ ਹੋ ਰਹੇ ਹਨ। ਗੁਰਦਾਸਪੁਰ, ਬਟਾਲਾ ਅਤੇ ਅੰਮ੍ਰਿਤਸਰ ਤੋਂ ਕੀਰਤਨੀ ਜਥੇ ਹਾਜ਼ਰੀਆਂ ਭਰਨਗੇ। ਸਮੂਹ ਮਾਈ ਭਾਈ ਦਰਸ਼ਨ ਦੇ ਕੇ ਪਰਵਾਰ ਅਤੇ ਨਗਰ-ਵਾਸੀਆਂ ਨੂੰ ਨਿਵਾਜੋ ਜੀ ਅਤੇ ਕੀਰਤਨ-ਧੁਨੀਆਂ ਗੁੰਜਾ ਕੇ ਤਨ ਮਨ ਹਰੇ ਕਰੋ ਜੀ। ਦਾਸਰਾ ਇੰਦਰ ਸਿੰਘ ਨੰਬਰਦਾਰ, ਪਿੰਡੀ

ਮਜੀਠੇ ਵਾਲੀ ਸੜਕ ਉਪਰ ਫ਼ਤਹਗੜ੍ਹ ਚੂੜੀਆਂ ਤੋਂ ਪੌਣਾ ਮੀਲ ਪਿੰਡ 'ਪਿੰਡੀ' ਹੈ। ਸੜਕ ਦੇ ਸੱਜੇ ਹੱਥ ਸੌ ਕਰਮਾਂ ਤੇ ਪਿੰਡ ਹੈ।

www.AKJ.Org

# ਮੌਜੂਦਾ ਗੁਰਦਵਾਰਾ ਪ੍ਰਬੰਧ : ਪੁਨਰ ਗਠਨ ਸਬੰਧੀ ਤਰੁਟੀਆਂ ਤੇ ਸੁਧਾਰ

[ ਵਲੋਂ—ਭਾਈ ਹਰੀ ਸਿੰਘ ਜੀ ਸ਼ੇਰਗਿਲ ਬੰਬਈ ]

ਭਾਈ ਹਰੀ ਸਿੰਘ ਜੀ ਸੇਰਗਿਲ ਲਿਖਤ ਇਹ ਲੇਖ ਸਿੰਘ ਸਭਾ ਸ਼ਤਾਬਦੀ ਦੇ ਸਮਾਗਮ ਸਮੇਂ ਬੰਬਈ ਵਿਖੇ ਪੜ੍ਹਿਆ ਗਿਆ । ਅਸਲ ਲੇਖ ਅੰਗਰੇਜ਼ੀ ਦਾ ਪੰਜਾਬੀ ਉਲਥਾ 'ਸਿੰਘ ਸਭਾ ਪਤ੍ਰਿਕਾ, ਅੰਮ੍ਰਿਤਸਰ' ਵਿਚ ਛਪਿਆ ਤੇ ਉਸ ਵਿਚੋਂ ਬਹੁ-ਹਿੱਸਾ ਅਸੀਂ ਆਪਣੇ ਪਾਠਕਾਂ ਦੀ ਭੇਟ ਕਰ ਰਹੇ ਹਾਂ। ਲੇਖਕ ਜੀ ਦੇ ਵਿਚਾਰ ਤੇ ਸੁਝਾਂ ਬਹੁਤ ਵਡਮੁੱਲੇ ਹਨ । ਮੌਜੂਦਾ ਗੁਰਦਵਾਰਾ-ਪਰਬੰਧ ਤੇ ਪੰਥਕ ਦਸ਼ਾ ਨੂੰ ਸਹੀ ਰੂਪ ਵਿਚ ਰੂਪਮਾਨ ਕੀਤਾ ਹੈ । ਕੌਮ ਦੀ ਉਲਝੀ ਤਾਣੀ ਸੁਲਝਾਉਣ ਲਈ ਅਤੇ ਉੱਚਾ ਸੁੱਚਾ ਗੁਰਮਤਿ ਜੀਵਨ ਪੈਦਾ ਕਰਨ ਲਈ ਇਨ੍ਹਾਂ ਵਿਚਾਰਾਂ ਨੂੰ ਅਮਲਾਉਣ ਦੀ ਲੋੜ ਹੈ । ਖ਼ਾਸ ਕਰਕੇ 'ਈਲੈਕਸ਼ਨ' ਦੀ ਥਾਂ 'ਸੀਲੈਕਸ਼ਨ' ਦਾ ਸੁਝਾਂ ਬਹੁਤ ਲਾਭਵੰਦ ਸਾਬਤ ਹੋ ਸਕਦਾ ਹੈ । [ਸੰਪਾਦਕ

## ਸਿਖ ਚਲਨ ਦੀ ਉਸਾਰੀ ਵਿਚ 'ਗੁਰਦਵਾਰੇ' ਦਾ ਰੋਲ :—

ਵਿਅਕਤੀਗਤ ਤੇ ਸਮੂਹਕ ਸੇਵਾ-ਸਿਮਰਨ-ਸਿਦਕ-ਕੁਰਬਾਨੀ ਸਪੰਨ ਸਿਖ ਕਰੈਕਟਰ ਦੀ ਉਸਾਰੀ ਵਿਚ ਇਕ ਪਿੰਡ ਤੇ ਮਹੱਲੇ ਦੀ ਧਰਮਸਾਲਾ ਤੋਂ ਲੈ ਕੇ ਸ੍ਰੀ ਦਰਬਾਰ ਸਾਹਿਬ—ਸ੍ਰੀ ਅਕਾਲ ਤਖ਼ਤ ਆਦਿ ਚੋਟੀ ਦੇ ਗੁਰਧਾਮਾਂ ਤੱਕ ਦਾ ਉਹੀ ਰੋਲ ਹੈ ਜੋ ਕਿਸੇ ਬੇ-ਡੌਲ ਤੇ ਅਨਘੜਤ ਧਾਤ ਤੋਂ ਸੋਹਣਾ ਜ਼ੇਵਰ ਜਾਂ ਸ਼ਸਤਰ ਦੀ ਘਾੜਤ ਵਿਚ ਸੁਨਿਆਰੇ ਦੇ ਪਹਾਰੇ ਜਾਂ ਕਾਰੀਗਰ ਦੀ ਵਰਕਸ਼ਾਪ ਦਾ ਹੁੰਦਾ ਹੈ ।

ਮਿਸਾਲ ਵਜੋਂ, ਸਿਖ ਸਮਾਜ ਦੀ ਆਧੁਨਿਕ (ਮਾਡਰਨ) ਸਮਾਜਿਕ, ਧਾਰਮਿਕ, ਅਧਿਆਤਮਕ ਆਦਿਕ ਦੀਨੀ-ਦੁਨਿਆਵੀ ਬਹੁਪੱਖੀ ਹੋਣ ਦੇ ਪੁਨਰ ਨਿਰਮਾਣ ਦਾ ਖ਼ਾਕਾ ਉਲੀਕਣ ਤੇ ਉਸ ਵਿਚ ਰੰਗ ਭਰਨ ਵਾਸਤੇ ਤਥਾ ਗੁਰੂ ਪੰਥ ਦੇ ਸਰਬ-ਪੱਖੀ ਨਵਜੋਬਨੇ ਮਹੱਲ ਦੀ ਮੁੜ-ਉਸਾਰੀ ਵਿਚ 'ਗੁਰਦਵਾਰਾ-ਸੰਗਤ' ਦਾ ਮਰਕਜ਼ੀ ਥੰਮ੍ਹ ਵਾਂਗ ਪ੍ਰਧਾਨ ਅਸਥਾਨ ਹੈ ।

ਗੁਰੂ ਪੰਥ ਦੇ ਸਰਬ ਪੱਖੀ ਸ਼ਾਨਦਾਰ ਇਤਿਹਾਸਕ ਕਾਰਨਾਮੇ 'ਗੁਰਦਵਾਰੇ' ਦੇ ਧੁਰੇ ਗਿਰਦ ਘੁੰਮਦੇ ਆ ਰਹੇ ਹਨ, ਸਾਰੇ ਸਿਖ ਇਤਿਹਾਸ ਦੀ ਉਸਾਰੀ 'ਗੁਰਦਵਾਰੇ' ਚੋਂ ਪ੍ਰਾਪਤ ਹੋਏ ਅਲੌਕਿਕ ਸਿਖ ਚਲਨ ਤੋਂ ਪ੍ਰਭਾਵਤ ਹੋ ਕੇ ਹੋਈ ਹੈ । ਅਰਥਾਤ 'ਗੁਰਦਵਾਰਾ' ਹੀ ਸੇਵਾ, ਪ੍ਰੋਪਕਾਰ, ਕੁਰਬਾਨੀ, ਧਰਮੀ-ਸੂਰਵੀਰਤਾ ਆਦਿਕ ਸ਼ੁਭ ਮਾਨਵੀ ਗੁਣਾਂ ਨਾਲ ਭੂਸ਼ਤ ਸਿਖ ਚਲਨ ਦਾ ਧੁਰਾ ਤੇ ਸ਼ਕਕੀ-ਦਾਤਾ ਹੈ, ਤਾਂ ਹੀ ਤਾਂ ਸਿਖ ਪ੍ਰਤੀ ਇਹ ਗੁਰੂ-ਆਗਿਆ ਹੈ ਕਿ "ਸਤਿਗੁਰੂ ਫੁਰਮਾਇਆ ਕਾਰੀ ਇਹ ਕਰੇਹੁ । ਗੁਰੂਦਵਾਰੇ ਹੋਇ ਕੈ ਸਾਹਿਬ ਸਮਾਲਿਹੁ" ਅਤੇ 'ਸਾਹਿਬ ਦੇ ਸਿਮਰਨ' ਤੇ ਉਸ ਦੀ ਬਾਰਗਾਹ ਵਿਚ ਪ੍ਰਵਾਨ ਪੈਣ ਦੀ ਕੀ ਸ਼ਰਤ ਹੈ ? "ਵਿਚਿ ਦੁਨੀਆ ਸੇਵ ਕਮਾਈਐ, ਤ ਦਰਗਹਿ ਬੈਸਣਿ ਪਾਈਐ" ।

ਸਿਖ ਸਮਾਜ ਦੀ ਗੁਰੂ-ਪ੍ਰਵਾਨ, ਬਹੁਪੱਖੀ ਦਿਲਕਸ਼ ਸਮਾਜਕ ਬਣਤਰ ਦਾ ਸਰੂਪ ਵਿਗੜਨਾ ਜ਼ਰੂਰੀ ਹੋ ਜਾਂਦਾ ਹੈ ਜੇ ਕਦੀ 'ਗੁਰਦਵਾਰਾ ਪ੍ਰਬੰਧ' ਚੋਂ ਗਿਲਾਨੀ ਉਭਰ ਆਵੇ; ਅਤੇ ਸਿਖ ਪੰਥ ਦੇ ਵਕਾਰ, ਬੋਲਬਾਲੇ ਤੇ ਸ਼ਕਤੀ ਦਾ ਮਜ਼ਬੂਤ ਕਿਲ੍ਹਾ ਜਰਜਰਾ, ਸਗੋਂ ਢਹਿਢੇਰੀ


www.AKJ.Org

ਹੋ ਜਾਂਦਾ ਹੈ।

ਇਹੋ ਵਿਸ਼ੇਸ਼ ਕਾਰਨ ਹੈ ਤੇ ਇਤਿਹਾਸ ਗਵਾਹ ਹੈ ਕਿ ਸਿਖ ਪੰਥ ਦੀ ਸ਼ਕਤੀ ਦੇ ਦੁਸ਼ਮਨਾਂ ਤਥਾ ਵਿਰੋਧੀਆਂ ਨੇ 'ਗੁਰਦਵਾਰਾ ਸ਼ਕਤੀ' ਨੂੰ ਜਾਂ ਗੁਰੂ-ਧਾਮਾਂ ਨੂੰ ਜਾਂ ਤਾਂ ਜ਼ਬਰਦਸਤੀ ਮਲੀਆਮੇਟ ਕਰਨ ਦੇ ਬਾਰ ਬਾਰ ਟਿੱਲ ਲਾਏ ਤੇ ਜਾਂ ਇਨ੍ਹਾਂ ਪੰਥਕ ਬਲ-ਅਸਥਾਨਾਂ ਨੂੰ ਆਪਣੇ ਅਧੀਨ ਰੱਖਣ ਦੀਆਂ ਮੁੜ ਮੁੜ ਵਿਉਂਤਾਂ ਬਣਾਈਆਂ। ਇਸ ਸਬੰਧ ਵਿਚ, ਮੁਸਲਮਾਨੀ ਰਾਜਸੀ ਸੱਤਾ ਨੇ ਕੀ ਕੁਛ ਕੀਤਾ, ਸਿਖ ਸੰਸਾਰ ਇਸ ਹਕੀਕਤ ਤੋਂ ਭਲੀ ਭਾਂਤ ਜਾਣੂ ਹੈ। ਮੈਨੂੰ ਇਕ ਅਜੀਬ ਰੋਂਗਟੇ ਖੜੇ ਕਰਨ ਵਾਲੀ ਘਟਨਾ ਦਾ ਚੇਤਾ ਆ ਰਿਹਾ ਹੈ :

(ਅੰਗਰੇਜ਼ ਸਰਕਾਰ ਨੇ ੧੮੪੯ ਈ: ਵਿਚ ਪੰਜਾਬ ਉਤੇ ਪੂਰਾ ਅਧਿਕਾਰ ਜਮਾ ਲੈਣ ਸਾਰ ਹੀ ਸ੍ਰੀ ਦਰਬਾਰ ਸਾਹਿਬ—ਸ੍ਰੀ ਅਕਾਲ ਤਖ਼ਤ ਉਤੇ ਤਾਂ ਆਪਣਾ ਸਰਬਰਾਹ ਮੁਕੱਰਰ ਕਰ ਹੀ ਦਿਤਾ ਸੀ, ਪਰ) ਅਪ੍ਰੈਲ ੧੮੭੭ ਵਿਚ ਇਸ ਸ਼ਰੋਮਣੀ ਕੇਂਦਰੀ ਗੁਰੂਧਾਮ ਨੂੰ ਉਨ੍ਹਾਂ (ਅੰਗਰੇਜ਼ਾਂ) ਦੀ ਕਿਸੇ ਸ਼ਾਹੂਕਾਰ ਪਾਸ ਅਸਲੋਂ ਗਹਿਣੇ ਜਾਂ ਬੈ ਕਰ ਦੇਣ ਦੀ ਵਿਉਂਤ ਦੀ ਭੀ ਕੁਛ ਗਵਾਹੀ ਮਿਲਦੀ ਹੈ (ਯਾਨੀ 'ਹੋਏਗਾ ਨਹੀਂ ਬਾਂਸ, ਤੋ ਬਜੇਗੀ ਨਹੀਂ ਬਾਂਸਰੀ')।

ਇਹ ਗੁਰੂ-ਧਾਮ ਖ਼ਾਲਸਾ ਪੰਥ ਦੀ ਰਾਜਸੀ ਸੱਤਾ ਦੇ ਭੀ ਧੁਰੇ ਚਲੇ ਆ ਰਹੇ ਹਨ। ਇਹ ਹੀ ਖ਼ਾਲਸਾ ਜੀ ਦੀ ਧਾਰਮਕ, ਸਮਾਜਕ, ਰਾਜਸੀ ਸੰਮਿਲਤ ਤੇ ਸੰਗਠਿਤ ਸ਼ਕਤੀ ਦੇ ਮੰਬੇ (ਸੋਮੇ) ਹਨ । ਅਤੇ ਇਹੋ ਹੀ ਇਤਿਹਾਸਕ ਰਹੱਸ ਹੈ ਕਿ ਖ਼ਾਲਸਾ ਪੰਥ ਨੇ ਗੁਰੂ-ਧਾਮਾਂ ਦੀ ਸੁਰੱਖਿਆ ਵਾਸਤੇ ਮੁੜ ਮੁੜ ਸਿਰ ਧੜ ਦੀ ਬਾਜ਼ੀ ਲਗਾਈ। ਇਹ ਇਕ ਪ੍ਰਸਿਧ ਸਚਾਈ ਹੈ ਕਿ ਪ੍ਰਕਰਮਾ ਸ੍ਰੀ ਦਰਬਾਰ ਸਾਹਿਬ ਦੀ ਹਰੇਕ ਸੰਗਮਰਮਰੀ ਸਿਲ ਹੇਠਾਂ ਸਾਡੇ ਸੂਰਬੀਰ ਸ਼ਹੀਦਾਂ ਬਜ਼ੁਰਗਾਂ ਦੇ ਲਗੇ ਪਵਿੱਤਰ ਸਿਰਾਂ ਦੀ ਯਾਦਗਾਰ ਵਿਦਮਾਨ ਹੈ।

ਗੁਰੂ-ਗੱਦੀ ਤਥਾ ਗੁਰੂਦੁਆਰਿਆਂ ਦੀ ਇਸੇ ਮਹੱਤਤਾ ਨੂੰ ਸਮਝਦਿਆਂ ਹੀ ਮੁਗ਼ਲ ਸਮਰਾਟ ਜਹਾਂਗੀਰ ਨੇ ਸਤਾਰ੍ਹਵੀਂ ਸਦੀ ਦੇ ਸ਼ੁਰੂ 'ਚ ਹੀ ਗੁਰੂ ਘਰ ਨੂੰ "ਝੂਠ ਦੀ ਦੁਕਾਨ" ਕਰਾਰ ਦੇ ਕੇ ਇਸ ਸਿਲਸਿਲੇ ਨੂੰ ਜ਼ਬਰਦਸਤੀ ਬੰਦ ਕਰਨ ਦੀ ਪੱਕੀ ਠਾਣ ਲਈ ਸੀ ਅਤੇ ਇਸ ਪਿਛੋਂ ਭਿੰਨ ਭਿੰਨ ਹਕੂਮਤਾਂ ਵਲੋਂ ਸਿਖ ਪੰਥ ਦੀ ਹਰ ਤਰ੍ਹਾਂ ਦੀ ਸੱਤਾ ਖ਼ਤਮ ਕਰਨ ਲਈ ਇਹੋ ਪ੍ਰੰਪਰਾ ਅਪਣਾਈ ਗਈ ਹੈ।

ਇਥੋਂ ਤੱਕ ਕਿ ਆਜ਼ਾਦ ਹਿੰਦ ਦੇ ਹਾਕਮਾਂ ਤਥਾ ਇਨ੍ਹਾਂ ਦੇ ਬਲਬੋਤੇ ਬ੍ਰਾਹਮਣਵਾਦ ਦੀਆਂ ਪੁਨਰ ਨਿਰਮਾਣੀ ਸ਼ਕਤੀਆਂ ਨੂੰ ਭੀ ਗੁਰਦਵਾਰਿਆਂ ਰਾਹੀਂ ਸਿਖ ਪੰਥ ਦੇ ਸੰਗਠਿਤ ਬਲ ਦਾ ਖ਼ਤਰਾ ਭਾਸਣ ਲਗ ਪਿਆ ਹੈ (ਤਾਂ ਹੀ ਗੁਰਦਵਾਰਾ-ਪ੍ਰਬੰਧ ਥਾਂ ਥਾਂ ਹਥਿਆਉਣ ਦੀਆਂ ਸਰਕਾਰੀ ਵਿਉਂਤਾਂ ਪ੍ਰਤੱਖ ਹੋਣ ਲਗ ਪਈਆਂ ਪ੍ਰਤੀਤ ਹੁੰਦੀਆਂ ਹਨ)।

ਪਰ ਆਜ਼ਾਦ ਦੇਸ਼ 'ਚ ਇਹ ਪੰਥ-ਦੋਖੀ ਸ਼ਕਤੀਆਂ ਮਨੋ-ਮਨ ਖ਼ੁਸ਼ ਹੁੰਦੀਆਂ ਹੋਣਗੀਆਂ ਕਿ ਸਿਖ ਪੰਥ ਦੀ ਅਗਵਾਈ ਦੇ ਮੁਦਈ ਖ਼ੁਦ ਹੀ ਅਪਣੇ ਗਿਲਾਨੀ ਭਰੇ ਗੁਰਦਵਾਰਾ ਪ੍ਰਬੰਧ ਰਾਹੀਂ ਸਿਖਾਂ ਦੇ ਇਖ਼ਲਾਕੀ ਮਨੋਬਲ ਦਾ ਅਭਾਵ ਕਰ ਰਹੇ ਹਨ ਅਤੇ ਆਮ ਸਿਖ ਬੁੱਧੀ-ਜੀਵੀ ਨਿਜੀ ਮਾਇਕੀ ਸੁਖ ਅਰਾਮਾਂ 'ਚ ਮਸਤ, ਸਿਖ ਕੌਮ ਦੇ ਭਵਿੱਖਤ ਤੇ ਹੋਣੀ ਤੋਂ ਬੇਨਿਆਜ਼, ਲਾਂਭੇ ਬੈਠੇ ਤਮਾਸ਼ਾ ਵੇਖ ਰਹੇ ਹਨ।

## ਸਿਖ ਚਰਿੱਤਰ ਦੀ ਪੂੰਜੀ ਦਾ ਸੰਗ੍ਰਹਿ ਤੇ ਅਭਾਵ :—

ਸਿਖ ਰਾਜ ਦੇ ਸਮੇਂ ਤੋਂ ਹੀ ਇਸ ਸਥਿਤੀ ਦਾ ਮੂਲੰਕਣ ਕਰਦੇ ਹਾਂ ਕਿ ਸਿਖ ਕਰੈਕਟਰ ਦੀ ਪੂੰਜੀ ਦਾ ਕਿਵੇਂ ਪੁਨਰ-ਸੰਗ੍ਰਹਿ ਤੇ ਅਭਾਵ ਹੋਇਆ।

ਪਿਛਲੀ ਸਦੀ ਦੇ ਸ਼ੁਰੂ ਵਿਚ ਹੀ (ਸਿਖਾਂ ਨੂੰ ਰਾਜ ਸੱਤਾ ਪ੍ਰਾਪਤੀ ਦੇ ਫਲ ਸਰੂਪ) ਨਿਰੰਕਾਰੀ ਲਹਿਰ ਦੇ ਦੂਰਦਰਸ਼ੀ ਸਤਿਕਾਰਕ ਮੋਢੀ ਸ੍ਰੀ ਬਾਬਾ ਦਿਆਲ ਜੀ ਨੇ ਭਾਂਪ ਲਿਆ ਲਗਦਾ ਹੈ ਕਿ ਦੀਨੀ-ਦੁਨਿਆਵੀ ਖੇਤਰਾਂ ਵਿਚ ਵਿਲੱਖਣ ਗੁਰਮਤਿ ਜੀਵਨ-ਮਰਯਾਦਾ ਨੂੰ ਸਪੱਸ਼ਟ ਰੂਪ ਵਿਚ ਜੀਵਤ ਰਖਣਾ ਬੜਾ ਜ਼ਰੂਰੀ ਹੈ । ਉਨ੍ਹਾਂ ਦੇ ਮੋਢੀ ਤੇ ਉਨ੍ਹਾਂ ਦੇ ਸਨਮਾਨਯੋਗ ਉਤਰ ਅਧਿਕਾਰੀ ਮਹਾਂਪੁਰਖਾਂ ਦੇ ਉਦਮ ਨੇ ਗੁਰੂ ਸਿਧਾਂਤਕ, ਸਮਾਜਕ ਤੇ ਧਾਰਮਕ ਰੀਤ-ਰਿਵਾਜ ਨੂੰ ਜਥੇਬੰਧਕ ਸ਼ਕਲ ਵਿਚ ਸਥਿਰ ਰਖਿਆ, ਜਿਸ ਕਾਰਨ ਸਿਖ ਕਰੈਕਟਰ ਦੀ ਚਮਕ ਤੇ



www.AKJ.Org

ਸੰਗ੍ਰਹਿ ਜਾਰੀ ਰਿਹਾ, ਪਿਛੋਂ ੧੯ਵੀਂ ਸਦੀ ਦੇ ਤਕਰੀਬਨ ਅਧ ਪਸ਼ਚਾਤ, ਯਾਨੀ ਸਿਖ ਰਾਜ ਪਿਛੋਂ ਪੰਜਾਬ ਤੇ ਭੀ ਬਿਦੇਸ਼ੀ ਅਧਿਕਾਰ ਹੋ ਜਾਣ ਉਪ੍ਰੰਤ; ਸ੍ਰੀ ਬਾਬਾ ਰਾਮ ਸਿੰਘ ਜੀ ਨਾਮਧਾਰੀ ਨੇ ਭੀ ਨਵੇਂ ਸਿਰਿਓਂ, ਨਾਮ-ਬਾਣੀ ਸਿਮਰਨ-ਸੇਵਾ ਦੇ ਪ੍ਰਚਾਰ ਨਾਲ ਕੌਮ ਦੇ ਖ਼ਾਲਸਮਈ ਕਰੈਕਟਰ ਦੇ ਖ਼ਜ਼ਾਨੇ 'ਚ ਹੋਰ ਪੂੰਜੀ ਜਮ੍ਹਾ ਕੀਤੀ। ਇਸ ਲੜੀ ਤੋਂ ਹੀ ੧੮੭੩ ਈ: ਵਿਚ ਸਿੰਘ ਸਭਾ ਦੇ ਸੁਜਾਨ ਮੋਢੀਆਂ ਨੇ ਬੜੀ ਦੂਰ-ਦਰਸ਼ੀ, ਸਿਖੀ ਪ੍ਰਚਾਰ ਦੇ ਨਾਲ ਹੀ ਵਿਦਿਆ-ਪ੍ਰਚਾਰ-ਪਸਾਰ ਦੀ ਵਿਓਂਤਬੰਦੀ ਨਾਲ ਸਿਖ ਸਮਾਜ ਅੰਦਰ ਬੜੀ ਠੋਸ ਪੁਨਰ-ਜਾਗ੍ਰਿਤੀ ਪੈਦਾ ਕੀਤੀ। ਇਸੇ ਪੁਨਰ-ਜਾਗ੍ਰਿਤੀ ਦੇ ਫਲ-ਸਰੂਪ ਹੀ ਸਿਖ ਪੰਥ ਨੇ, 'ਪਗੜੀ ਸੰਭਾਲ ਜਟਾ' ਲਹਿਰ (੧੯੦੭–੮) ਤੇ ਫਿਰ 'ਗ਼ਦਰ ਮੂਵਮੈਂਟ' ਤਥਾ 'ਕੋਮਾ ਗਾਟਾ ਮਾਰੂ' ਘਟਨਾ ਆਦਿ ਲਹਿਰਾਂ ਦੇ ਬਲ-ਬੋਤੇ ਦੇਸ਼-ਭਗਤੀ ਦੇ ਖੇਤਰ ਵਿਚ ਭੀ ਮੋਢੀ ਹਿੱਸਾ ਪਾਇਆ। ਇਸੇ ਆਲਮਗੀਰ ਪੁਨਰ-ਜਾਗ੍ਰਿਤੀ ਦਾ ਹੀ ਅੰਤਮ ਸਿੱਟਾ ਤਥਾ ਸਿਖ ਕਰਤੱਵ ਦੀ, ਪਿਛਲੀ ਸਦੀ ਦੇ ਅਰੰਭ ਤੋਂ ਜਮ੍ਹਾ ਹੋ ਰਹੀ ਮਹਾਨ ਪੂੰਜੀ ਦਾ ਹੀ ਫਲ ਸੀ ੧੯੨੦–੨੫ ਦੀ ਗੁਰਦਵਾਰਾ ਸੁਧਾਰ ਜਾਂ ਅਕਾਲੀ ਲਹਿਰ, ਜਿਸ ਦੀ ਸਿਖ ਕਰੈਕਟਰ ਦੀ ਚਮਕ ਨੇ ਕੁਲ ਸੰਸਾਰ ਨੂੰ ਚਕਾ-ਚੂੰਧ ਕਰ ਦਿੱਤਾ, ਸ਼ਾਨਦਾਰ ਇਤਿਹਾਸਕ ਪੰਥਕ ਰਵਾਇਤਾਂ ਤੇ ਹਿਸਟਰੀ ਦਾ ਪ੍ਰਤੱਖ ਪੁਨਰ ਨਿਰਮਾਣ ਕਰ ਦਿੱਤਾ।

ਕੀ ਨਿਰੰਕਾਰੀ ਲਹਿਰ, ਕੀ ਨਾਮਧਾਰੀ ਅੰਦੋਲਨ, ਕੀ ਸਿੰਘ ਸਭਾ ਲਹਿਰ ਦੇ ਮੋਢੀ, ਕੀ ਕਾਮਾ ਗਾਟਾ ਮਾਰੂ ਤੇ ਗ਼ਦਰ ਲਹਿਰ ਦੇ ਆਗੂ ਅਤੇ ਅੰਤ ਤੇ ਅਕਾਲੀ ਲਹਿਰ ਦੇ ਲੀਡਰ, ਸਿਖ ਚੱਲਨ ਸਟੈਂਡਰਡ ਦੇ ਪੱਖ ਤੋਂ ਸਾਰਿਆਂ ਦੀ ਪਵਿਤਰ ਯਾਦ ਕਰਦਿਆਂ ਹਰੇਕ ਸੁਹਿਰਦ ਪੰਥ ਹਿਤੈਸ਼ੀ ਵਿਅਕਤੀ ਦਾ ਸ਼ਰਧਾ ਵਿਚ ਸਿਰ ਝੁਕ ਜਾਣਾ ਜ਼ਰੂਰੀ ਹੈ।

## ਅਭਾਵ !

ਪਰ ਬੜੇ ਦੁਖੀ ਹਿਰਦੇ ਨਾਲ ਯਾਦਾਂ ਤਾਜ਼ਾ ਹੋ ਰਹੀਆਂ ਹਨ ਕਿ ਅਕਾਲੀ ਲਹਿਰ ਦੀ ਸਫਲਤਾ ਦੇ ਫਲ ਸਰੂਪ ਗੁਰਦਵਾਰਾ ਐਕਟ ੧੯੨੫ ਦੇ ਅਧੀਨ, ਬਾਲਗ-ਵੋਟ ਦੇ ਆਧਾਰ ਤੇ, ਚੁਣ ਕੇ ਬਣ ਤੁਰੀ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਚਾਲੂ ਹੁੰਦਿਆਂ ਹੀ, ਗੁਰਦਵਾਰਾ ਪ੍ਰਬੰਧ ਦੀ ਪੰਥਕ ਹਕੂਮਤ ਸ਼ੁਰੂ ਹੁੰਦਿਆਂ ਹੀ, 'ਮੈਂ ਪਹਿਲਾਂ' ਦੀ ਹਉਮੈ ਹੱਵਸ ਨੇ ਪੰਥ ਅੰਦਰ ਪਾਟੋ ਧਾੜ ਦਾ ਬੀ ਬੀਜ ਦਿਤਾ, ਸਿਖ ਕਰੈਕਟਰ ਦੀ ਸਿਖਰ ਢਲਣੀ ਅਰੰਭ ਹੋ ਗਈ। ਗੁਰੂ-ਗੋਲਕ ਹਥਿਆ ਕੇ ਗੁਰਦਵਾਰਿਆਂ ਰਾਹੀਂ ਧੜਵੈਲ ਸਿਆਸੀ ਸੱਤਾ ਪ੍ਰਾਪਤੀ ਦੇ ਸੰਢੇ-ਖੋਰ ਭੇੜ ਸ਼ੁਰੂ ਹੋ ਗਏ। ਬਿਨਾਂ ਸਰਬ-ਸਾਂਝੇ-ਪੰਥਕ ਸਿਆਸੀ ਇਕਤਦਾਰ ਦੀ ਉਤਪਤੀ ਦੇ ਸਭ ਪੰਥ-ਪ੍ਰਵਾਨ ਟੀਚੇ ਤੇ ਨਿਸ਼ਾਨੇ ਘੋਖਣ ਤੇ ਮਿਥਣ ਦੇ, ਇਸ ਪ੍ਰਸਪਰ ਭਰਾ-ਮਾਰੂ ਧੜਵੈਲ ਸਿਆਸੀ ਭੇੜ ਦਾ 'ਪੰਥਕ-ਪਾਲਿਟਿਕਸ' ਠਗਾਊ ਨਾਮ ਚਾਲੂ ਕਰ ਦਿਤਾ ਅਤੇ ਇਹ ਖੋਟਾ ਸਿੱਕਾ ਪੰਥ ਅੰਦਰ ਵਧ ਤੋਂ ਵਧ ਪ੍ਰਚਲਤ ਹੁੰਦਾ ਗਿਆ।

ਸਿਖ ਪੰਥ ਦੇ ਇਸ ਆਤਮਘਾਤੀ ਸਿਆਸੀ ਸ਼ੁਗਲ ਨੇ ਸਿਖ ਸਮਾਜ 'ਚੋਂ ਹੁਣ ਤਕ ਤਾਂ ਸੇਵਾ-ਸਿਮਰਨ, ਤਪ ਤਿਆਗ, ਸਿਦਕ-ਭਰੋਸਾ ਆਦਿ ਸਿਖੀ ਕਦਰਾਂ-ਕੀਮਤਾਂ ਸਪੰਨ ਸਿਖ ਕਰੈਕਟਰ ਤਾਂ ਤਕਰੀਬਨ ਲਾਂਭੇ ਪਾ ਦਿਤਾ ਹੈ। ਅਤੇ ਇਸ ਪੰਥਕ ਨੁਕਸਾਨ ਵਿਚ ਅਖਰਾਂ ਦਾ ਵਾਧਾ ਗਰੀਬ ਸਿਖ ਪੰਥ ਦੀ ਗਾੜ੍ਹੇ ਪਸੀਨੇ ਦੀ ਲੱਖਾਂ ਕਰੋੜਾਂ ਦੀ ਕਮਾਈ ਨਾਲ ਬਣੇ ਖ਼ਾਲਸਾ ਸਕੂਲਾਂ ਕਾਲਜਾਂ ਦੇ ਪ੍ਰਬੰਧ ਨੇ ਹੋਰ ਕੀਤਾ ਹੈ। ਨਹੀਂ ਤਾਂ ਇਹ ਦੋਵੇਂ ਵਸੀਲੇ ਸਿਖ ਪੰਥ ਦਾ ਕਾਇਆਂ-ਕਲਪ ਕਰਨ ਦੇ ਸਮਰੱਥ ਸਨ। ਸੋ ਇਸ ਤਰ੍ਹਾਂ ਪੰਥਕ ਗੁਰਦਵਾਰਾ ਪ੍ਰਬੰਧ ਤੇ ਖ਼ਾਲਸਾ ਸਕੂਲਾਂ ਕਾਲਜਾਂ ਨੇ ਸਿਖ ਪੰਥ ਦੀਆਂ ਇਹਨਾਂ ਤੋਂ ਪਰਬਤ-ਜੇਡ ਆਸਾਂ-ਉਮੈਦਾਂ ਉਤੇ ਪਾਣੀ ਫੇਰ ਦਿਤਾ ਹੈ। ਹੁਣ ਸਿਖ ਪੰਥ ਮੁੜ ਉਸੇ ਮਾਰੂ ਚੋਰਾਹੇ ਤੇ ਖੜਾ ਹੈ ਜਿਸ ਤੇ ਕਿ ਅਜ ਤੋਂ ਸਵਾ ਕੁ ਸੌ ਸਾਲ ਪਹਿਲਾਂ ਸਿਖ ਰਾਜ ਭਾਗ ਖ਼ਤਮ ਹੋਣ ਉਤੇ, ਡੌਰ ਭੌਰਾ, ਭਮੱਤਰਿਆ ਹੋਇਆ ਖੜਾ ਸੀ।

## ਗੁਰਦਵਾਰਾ ਪ੍ਰਬੰਧ ਨੇ ਆਪਣੀਆਂ ਮਹਾਨ ਸੰਭਾਵਨਾਵਾਂ ਦੀ ਸਾਰ ਨਹੀਂ ਲਈ

ਕਿਸੇ ਸੂਝਵਾਨ ਤੇ ਸੁਜਾਨ ਅਗਵਾਈ ਤੇ ਸਿਖ ਚਰਿੱਤਰ ਦੀ ਅਣਹੋਂਦ ਵਿਚ ਗੁਰਦਵਾਰਾ ਪ੍ਰਬੰਧ ਨੇ



www.AKJ.Org

ਐਸੀਆਂ ਉਸਾਰੂ ਪੰਥਕ ਸੰਭਾਵਨਾਵਾਂ ਨੂੰ ਹੁਣ ਤਕ ਅਖੋਂ ਪਰੋਖੇ ਕਰ ਛਡਿਆ ਹੈ, ਜਿਨ੍ਹਾਂ ਦੇ ਫਲੀ-ਭੂਤ ਹੋਣ ਨਾਲ ਸਿਖ ਭਾਈਚਾਰੇ ਦੀ ਬਹੁਪੱਖੀ ਨਵੀਂ ਮਾਡਰਨ-ਹੋਣੀ ਵਜੂਦ ਵਿਚ ਆ ਸਕਦੀ ਸੀ।

ਕਰੋੜਾਂ ਰੁਪੈ ਦੇ ਸਾਲਾਨਾ ਬਜਟ ਵਾਲਾ ਕੇਂਦਰਤ ਗੁਰਦਵਾਰਾ-ਪ੍ਰਬੰਧ, ਆਪਣੇ ਜਾਇਜ਼ ਇੰਤਜ਼ਾਮੀਆ ਖ਼ਰਚੇ ਕਰਦਿਆਂ ਭੀ, ਬਹੁਤ ਕੁਛ ਕਰ ਸਕਦਾ ਸੀ । ਜਿਵੇਂ ਕਿ ਹੁਣੇ ਹੁਣੇ ਕੁਝ ਯਤਨ ਅਰੰਭੇ ਗਏ ਹਨ, ੧੯੪੭ ਤੋਂ ਜੋ ਗੁਰਦਵਾਰੇ ਵਾਘਾ ਸਰਹੱਦ ਤੋਂ ਪਾਰ ਚਲੇ ਗਏ ਹਨ, ਓਦੋਂ ਤੱਕ ਤਾਂ ਉਨ੍ਹਾਂ ਦੇ ਮਾਇਕੀ ਵਸੀਲੇ ਭੀ ਪਿਛੇ ਰਹਿ ਗਏ ਸਾਧਨਾਂ ਤੋਂ ਤਕਰੀਬਨ ਦੁਗਣੇ ਸਨ । ਇਸ ਸਾਰੇ ਸਾਲਾਨਾ ਦਸਵੰਧ ਦੀ ਜਮ੍ਹਾ ਰਕਮ ਦੀ, ਕਾਨੂੰਨੀ ਹੱਦਾਂ 'ਚ ਹੀ, ਜੇ ਕਿਸੇ ਉਸਾਰੂ ਵਿਉਂਤਬੰਦੀ ਅਧੀਨ ਵਰਤੋਂ ਹੁੰਦੀ ਰਹਿੰਦੀ ਤਾਂ ਬਹੁਤ ਕੁਛ ਹੋ ਸਕਦਾ ਸੀ।

ਹੁਣ ਭੀ ਭਾਵੇਂ ਸ਼ਰੋਮਣੀ ਕਮੇਟੀ ਦੇ ਸਤਿਕਾਰਤ ਮੁਖੀ ਅਧਿਕਾਰੀ ਆਪਣੀਆਂ ਕਈ ਮਜਬੂਰੀਆਂ ਦਸਦੇ ਹਨ, ਪਰ ਖ਼ਿਆਲ ਹੈ ਕਿ ਗੁਰਦਵਾਰਾ ਪ੍ਰਬੰਧ ਦੀ ਵਿਸਥਾਰਕ ਅੰਦਰੂਨੀ ਘੋਖ ਕਰਕੇ, ਮੁਖੀ ਲੋਕ ਸ੍ਰੀ ਦਸਮੇਸ਼ ਪਿਤਾ ਜੀ ਦੀਆਂ ਖ਼ਾਲਸਾ ਪੰਥ ਪ੍ਰਤੀ ਨਿਮਨ ਲਿਖਤ ਰੀਝਾਂ ਪੂਰੀਆਂ ਕਰਨ ਦਾ ਕੋਈ ਰਾਹ ਕੱਢ ਸਕਦੇ ਹਨ :

"ਇਨਹੀ ਸ੍ਰੇ ਪੰਡਿਤ ਉਪਜਾਊਂ । ਕਥਾ ਕਰਨ ਕੀ ਰੀਤ ਸਿਖਾਊਂ । ਇਨਹੀ ਸੇ ਰਾਜੇ ਉਪਜਾਊਂ। ਰਾਜ ਕਰਨ ਕੀ ਰੀਤ ਸਿਖਾਊਂ । ਇਨਹੀ ਕੋ ਸਰਦਾਰ ਬਨਾਊਂ । ਤਬੈ ਗੋਬਿੰਦ ਸਿੰਘ ਨਾਮ ਕਹਾਊਂ ।"

ਜੇ ਗੁਰਦਵਾਰਾ-ਪ੍ਰਬੰਧ-ਕਰਤਾ-ਜਨ ਪੰਥ ਦੇ ਵਾਲੀ ਜੀ ਦੀਆਂ ਇਨ੍ਹਾਂ ਦੈਵੀ ਉਮੰਗਾਂ ਦੀ ਪੂਰਤੀ ਦਾ ਧਿਆਨ ਧਰਨ ਤਾਂ ਪੰਥ ਅੰਦਰ ਹਰ ਮੈਦਾਨ ਉੱਚ ਪੱਧਰੇ ਸਕਾਲਰ ਪੈਦਾ ਕਰਨ ਤੋਂ ਇਲਾਵਾ ਹਰਮਨ ਪਿਆਰੀ 'ਰਾਜ ਕਰਨ ਦੀ ਰੀਤ' ਭੀ ਸ਼ਰੋਮਣੀ ਕਮੇਟੀ ਦੇ ਪ੍ਰਬੰਧਕ ਸੁਜਾਨ ਲੀਹਾਂ ਉਤੇ ਢਾਲ ਕੇ, ਪੰਥ ਅੰਦਰ ਪ੍ਰਵੇਸ਼ ਕਰ ਸਕਦੇ ਹਨ, ਤਾਂਕਿ ਫਿਰ ਕਦੇ ਪੰਥ ਦੇ ਹੱਥ ਰਾਜ ਭਾਗ ਦੀ ਸੱਤਾ ਆਵੇ ਤਾਂ ੧੯੭੦—੭੧ ਵਾਲੀ ਹਾਸੋ-ਹੀਣੀ ਪੁਜ਼ੀਸ਼ਨ ਨਾ ਬਣੇ ਤੇ ਅਕਾਲੀ ਦਲ ਲਲੂ-ਪੰਜੂ ਪੰਥ ਦੋਖੀ ਧੜਿਆਂ ਮਗਰ ਮਨਿਸਟਰ ਹਥਿਆਉਣ ਲਈ ਲਿਲਕੜੀਆਂ ਨਾ ਕੱਢਦਾ ਫਿਰੇ।

ਆਖ਼ਰ ਵਿਸ਼ਾਲ ਗੁਰਦਵਾਰਾ ਨਿਜ਼ਾਮ ਇਕ ਤਰ੍ਹਾਂ ਸਟੇਟ ਅੰਦਰ, ਗੁਰੂ ਸਟੇਟ ਹੈ ।

ਫ਼ੀ ਜ਼ਮਾਨਾ ਮਿਸਾਲ ਵਜੋਂ, ਇਨ੍ਹਾਂ ਵਿਸ਼ਿਆਂ ਹੇਠ ਉੱਚ ਪੱਧਰੇ ਲਿਟਰੇਚਰ ਦੀ ਸਿਖ ਸਮਾਜ ਦੀ ਫ਼ੌਰੀ ਲੋੜ ਹੈ, ਅਜੇ ਭੀ ਡੁਲ੍ਹਿਆਂ ਬੇਰਾਂ ਦਾ ਕੀ ਵਿਗੜਿਆ ਹੈ ? ਅਤੇ ਨਵੇਂ ਪ੍ਰਬੰਧ ਤੋਂ ਅਜਿਹੀਆਂ ਆਸਾਂ ਵੀ ਰਖੀਆਂ ਜਾ ਸਕਦੀਆਂ ਹਨ :

(ੳ) ਸਿਖ ਧਰਮ ਦੇ ਸੁਤੰਤਰ ਰੂਪ ਦੀ ਨਿੱਖਰਵੀਂ ਸਥਾਪਤੀ ਅਤੇ ਇਸ ਦਾ ਸਨਾਤਨੀ ਹਿੰਦੁਸਤਾਨੀ ਸਭਿਅਤਾ ਦੇ ਅਧਿਆਤਮਕ, ਸਿਧਾਂਤਕ ਨਚੋੜ ਨਾਲ ਸੁਮੇਲ ।

(ਅ) 'ਕਿਰਤ ਕਰਨ, ਨਾਮ ਜਪਣ, ਵੰਡ ਛਕਣ' ਦੇ ਮੁਢਲੇ ਤਿੰਨ-ਕੋਨੇ ਸਿਖ ਸਿਧਾਂਤ ਉਤੇ ਅਧਾਰਤ ਇਕ ਨਿਵੇਕਲੀ ਅਧਿਆਤਮਕ ਅਰਥ-ਚਾਰਾ (ਇਕਨਾਮਿਕ) ਵਿਗਿਆਨਕ ਥਿਊਰੀ ਦੀ ਉਸਾਰੀ ਜੋ ਕਿ ਇਸ ਵੇਲੇ ਡਾਂਗੋ-ਡਾਂਗੀ ਹੋ ਰਹੀ ਮਨੁੱਖਤਾ ਵਾਸਤੇ ਇਕ ਨਵੀਂ ਸੇਹਤਮੰਦ ਪੱਥ-ਪ੍ਰਦਰਸ਼ਕ ਹੋਵੇ, ਜਿਸ ਅਨੁਸਾਰ ਇਕ ਨਵਾਂ ਸੁਅਸਥ ਸ਼ਰੇਣੀ-ਰਹਿਤ ਸਮਾਜਕ ਢਾਂਚਾ ਉਸਰਨ ਦੀ ਸੰਭਾਵਨਾ ਮਨੁੱਖ ਮਾਤਰ ਦੇ ਸਾਹਵੇਂ ਰੂਪਮਾਨ ਹੋਵੇ।

(ੲ) ੧੯੦੯ ਈ: ਦੇ 'ਸਿਖ ਮੈਰਿਜ-ਐਕਟ' ਦੀ ਸੇਧ ਵਿਚ ਸੰਪੂਰਨ ਤੇ ਸੁਤੰਤਰ ਸਿਖ ਸਿਵਲ ਕੋਡ ਦੀ ਰੂਪ ਰੇਖਾ, ਤਾਂਕਿ ਸਿਖ ਸਮਾਜ ਉਤੇ ਬ੍ਰਾਹਮਣ ਵਾਦ ਦੇ ਮੁੜ ਮੁੜ ਹਮਲਿਆਂ ਨੂੰ ਠੱਲ੍ਹ ਪੈ ਸਕੇ ।

(ਸ) ਆਮ ਤੌਰ ਤੇ ਬ੍ਰਾਹਮਣਵਾਦੀ ਪੰਥ ਦੋਖੀਆਂ ਵਲ ਸਿਖ ਇਤਿਹਾਸ ਤੇ ਸਿਖ ਫ਼ਲਸਫ਼ੇ ਅੰਦਰ, ਗੁਰੂ ਸਿਧਾਂਤ ਵਿਰੋਧੀ ਪ੍ਰਚਲਤ ਮਿਲਾਵਟਾਂ ਦਾ ਨਿਖੇੜ ਤੇ ਅਗੋਂ ਇਸ ਨੀਤੀ ਦੀ ਰੋਕ ਲਈ ਪੱਕਾ ਪ੍ਰਬੰਧ ।

(ਹ) ਸਿਖ ਕਲਚਰ ਤੇ ਸਿਖ ਕੋਮਲ ਹੁਨਰਾਂ ਦੀ ਸਪੱਸ਼ਟ ਰੂਪ ਰੇਖਾ, ਤਾਂਕਿ ਸਿਖ ਨੈਸ਼ਨਲ ਕਰੈਕਟਰ



www.AKJ.Org

ਦੀ ਸੁਤੰਤਰ ਸ਼ਕਲ ਰੂਪਮਾਨ ਹੋ ਸਕੇ।

ਨੋਟ ੧ : ਜਿਵੇਂ ਡਾਰਵਿਨ ਦੀ ਵਿਕਾਸ (ਐਵੋਲਯੂਸ਼ਨ) ਥਯੂਰੀ ਅਨੁਸਾਰ, ਮਨੁੱਖ ਕਾਦਰ ਦੀ ਕੁਦਰਤ ਦਾ ਅੰਤਮ ਕ੍ਰਿਸ਼ਮਾ ਹੈ, ਇਵੇਂ ਹੀ ਸਿਖ ਧਰਮ ਨੂੰ ਹਿੰਦੁਹਤਾਨੀ ਧਾਰਮਕ ਤਥਾ ਅਧਿਆਤਮਕ ਵਿਕਾਸ ਦਾ ਹਰ ਪਖੋਂ ਆਖ਼ਰੀ ਮੁਕੰਮਲ ਨਮੂਨੇ ਦੀ ਸ਼ਕਲ ਵਿਚ ਪੇਸ਼ ਕੀਤਾ ਜਾਣਾ ਇਸ ਦਾ ਅਸਲ ਅਸਥਾਨ ਹੈ।

ਨੋਟ ੨ : ਫ਼ਰਜ਼ ਕੀਤਾ ਇਹੋ ਜਿਹੇ ਉਸਾਰੂ ਪ੍ਰੋਗਰਾਮ ਦੀ ਸਰੰਜਾਮਦਹੀ ਲਈ ਸ਼੍ਰੋਮਣੀ ਕਮੇਟੀ ਦੇ ਆਪਣੇ ਮਾਇਕੀ ਸਾਧਨ ਕਾਫ਼ੀ ਨਹੀਂ, ਤਾਂ ਕਮੇਟੀ ਕੋਈ ਪੱਕੀ ਵਿਉਂਤ ਇਸ ਪ੍ਰਥਾਏ ਉਲੀਕ ਕੇ ਸਿਖ ਜਗਤ ਮੂਹਰੇ ਪੰਥਕ ਦਸਵੰਧ ਟਰੱਸਟ ਫ਼ੰਡ (ਗੁਰੂ ਕੀ ਗੋਲਕ) ਦੀ ਸਥਾਪਨਾ ਵਾਸਤੇ ਹੋਕਾ ਦੇ ਸਕਦੀ ਹੈ, ਗੁਰੂ ਨਾਨਕ–ਗੁਰੂ ਗੋਬਿੰਦ ਸਿੰਘ ਫ਼ਾਉਂਡੇਸ਼ਨਾਂ ਤੇ ਹੋਰ ਮਾਇਕੀ ਸਮਰੱਥਾ ਵਾਲੀਆਂ ਸੰਸਥਾਵਾਂ ਦਾ ਮਿਲਵਰਤਣ ਲੈ ਸਕਦੀ ਹੈ, ਇਤਿਆਦਿ।

## ਇਸ ਸਥਿਤੀ ਦਾ ਇਲਾਜ :—

ਇਸ ਨਿਘਰਦੀ ਹਾਲਤ ਦੇ ਕੁਛ ਇਲਾਜ ਇਹ ਹਨ :—

(ੳ) ਗੁਰਦਵਾਰਾ ਐਕਟ ੧੯੨੫ ਵਿਚ ਸੰਸ਼ੋਧਨ, ਤਾਂਕਿ ਗੁ: ਵੋਟਰ ਤੇ ਸ਼੍ਰੋ: ਕਮੇਟੀ ਦੀ ਮੈਂਬਰੀ ਦੇ ਉਮੈਦਵਾਰ ਵਾਸਤੇ ਨਿਜੀ ਜ਼ਾਤੀ ਸਿਖੀ ਗੁਣਾਂ ਦੀਆਂ ਉਹੀ ਸ਼ਰਤਾਂ ਹੋਣ ਜੋ ਕਿ ਨਵੰਬਰ ੧੯੨੦ ਵਿਚ ਸ੍ਰੀ ਅਕਾਲ ਤਖ਼ਤ ਉਤੇ ੧੭੫ ਮੈਂਬਰਾਂ ਦੀ ਸਭ ਤੋਂ ਪਹਿਲੀ ਸ਼੍ਰੋ: ਕਮੇਟੀ ਦੇ ਮੈਂਬਰਾਂ ਵਾਸਤੇ ਪੰਥ ਨੇ ਨੀਯਤ ਕੀਤੀਆਂ ਸਨ : ਯਾਨੀ ਅੰਮ੍ਰਿਤਧਾਰੀ ਹੋਵੇ, ਪੰਜ ਕਕਾਰੀ ਰਹਿਤਾਂ ਦੀ ਪਾਬੰਦੀ, ਚਾਰ ਕੁਰਹਿਤਾਂ ਤੋਂ ਪ੍ਰਹੇਜ਼ ਦੀ ਪਕਿਆਈ, ਅੰਮ੍ਰਿਤ ਵੇਲੇ ਦੇ ਇਸ਼ਨਾਨ, ਗੁਰਬਾਣੀ ਤੇ ਸਿਮਰਨ ਨਿਤਨੇਮ ਦੀ ਪਾਬੰਦੀ, ਅਤੇ ਦਸਵੰਧ ਦੇਣ ਦੀ ਧਾਰਨਾ। ਅਤੇ ਇਨ੍ਹਾਂ ਸ਼ਰਤਾਂ ਦੇ ਨਾਲ ਘਟੋ ਘਟ ਮਿਡਲ ਸਟੈਂਡਰਡ ਦੀ ਆਮ ਵਿਦਿਆ ਅਤੇ ਵੋਟਰ ਦੀ ਘਟ ਤੋਂ ਘਟ ਉਮਰ ੨੫ ਸਾਲ ਤੇ ਮੈਂਬਰੀ ਦੇ ਉਮੈਦਵਾਰ ਦੀ ਉਮਰ ੪੫ ਸਾਲ ਤੋਂ ਘਟ ਨਾ ਹੋਵੇ।

## 'ਤ੍ਰੀਕਾ ਚੋਣ : 'ਇਲੈਕਸ਼ਨ ਦੀ ਥਾਂ ਸੀਲੈਕਸ਼ਨ' :—

ਇਸ ਵੇਲੇ ਜੋ ਕੇਵਲ ਬਾਲਗ਼ ਵੋਟ ਦੇ ਆਧਾਰ ਉਤੇ ਚੋਣ-ਵਿਧੀ ਹੈ, ਇਹ ਸਿਖ ਰਿਵਾਇਤ ਤੇ ਮੁਢਲੇ ਗੁਰਮਤੀ ਮਨੋਬ੍ਰਿਤੀ ਦੇ ਪ੍ਰਤਿਕੂਲ ਹੈ। ਇਤਿਹਾਸ ਮੁਤਾਬਕ ਆਗੂਆਂ ਦੀ ਚੋਣ ਸ੍ਰੀ ਗੁਰੂ ਅੰਗਦ ਦੇਵ ਜੀ (੧੫੩੯) ਤੋਂ ਲੈ ਕੇ ਮਿਸਲਾਂ ਦੇ ਅਰੰਭ (੧੭੭੦) ਤਕ ਵਾਲੀ 'ਇਲੈਕਸ਼ਨ' ਦੀ ਥਾਂ 'ਆਗੂ ਗੁਣਾਂ' ਉਤੇ ਆਧਾਰਤ 'ਸੀਲੈਕਸ਼ਨ' ਵਾਲੀ ਤੁਰੀ ਆਈ ਸੀ। ਮਹਾਰਾਜਾ ਰਣਜੀਤ ਸਿੰਘ ਜੀ ਨੇ ਪੰਥਕ ਪ੍ਰੰਪਰਾ ਤੋਂ ਵਿਰੁੱਧ ਪੁਸ਼ਤੈਨੀ ਅਗਵਾਈ (ਯਾਨੀ ਰਾਜ-ਗੱਦੀ ਵਾਲੀ) ਦੀ ਪ੍ਰਥਾ ਚਲਾ ਦਿਤੀ। ਜਿਵੇਂ ਉਹ ਗ਼ਲਤ ਤ੍ਰੀਕਾ ਸੀ ਤਿਵੇਂ ਹੁਣ ਵਾਲੀ ਬਾਲਗ ਵੋਟ ਦਾ ਬਹੁਸੰਮਤੀ ਵਾਲਾ ਤਰੀਕਾ ਭੀ ਫ਼ੇਲ੍ਹ ਹੋਇਆ ਹੈ।

## 'ਇਲੈਕਸ਼ਨ-ਕਮ-ਸੀਲੈਕਸ਼ਨ' ਸਿਸਟਮ

ਹੁਣ ਵਾਲੀ 'ਬਾਲਗ ਵੋਟ' ਨਾਲ 'ਬਹੁਸੰਮਤੀ' ਚੋਣ ਦੀ ਥਾਂ 'ਇਲੈਕਸ਼ਨ-ਕਮ-ਸੀਲੈਕਸ਼ਨ' ਸਿਸਟਮ ਪਰਖਣ ਤੇ ਅਪਨਾਣ ਜੋਗ ਹੈ। ਇਹ ਕਿਵੇਂ ? ਇਸ ਦਾ ਕੁਛ ਵਿਵਰਣ ਇਉਂ ਹੈ —

ਬੁਨਿਆਦੀ ਤੌਰ ਤੇ, ਇਕ ਪਿੰਡ ਜਾਂ ਇਕ ਮਹੱਲੇ ਨੂੰ ਚੋਣ ਇਕਾਈ ਮਿਥ ਲਿਆ ਜਾਵੇ। ਇਕ ਗ੍ਰਾਮ ਪੰਚਾਇਤ ਹਲਕੇ ਦੇ ਉਪ੍ਰੋਕਤ ਸਿਖੀ ਗੁਣਾਂ ਵਾਲੇ ਵੋਟਰ ਪਿੰਡ ਜਾਂ ਮਹਲੇ ਦੇ ਗੁਰਦਵਾਰੇ ਵਿਚ ਨੀਅਤ ਤ੍ਰੀਕ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਸਰਬ-ਸੰਮਤੀ ਨਾਲ ਆਪਣੇ ਵਿਚੋਂ ਉਪ੍ਰੋਕਤ ਗੁਣਾਂ ਵਾਲਾ ਇਕ ਜਥੇਦਾਰ ਚੁਣ ਲੈਣ। ਫਿਰ ਉਸ ਨੂੰ ਅਧਿਕਾਰ ਦੇ ਦੇਣ ਕਿ ਉਹ ਹਾਜ਼ਰ ਸੰਗਤ ਵਿਚੋਂ ਆਪਣੇ ਨਾਲ ਇਕ ਹੋਰ ਸਾਥੀ ਨੋਮ ਲਵੇ ਤੇ ਉਸ ਦੀ ਪ੍ਰਵਾਨਗੀ ਭੀ ਸੰਗਤ ਜੈਕਾਰੇ ਨਾਲ ਦੇ ਦੇਵੇ। ਫਿਰ ਇਹ ਦੋਵੇਂ ਮਿਲ ਕੇ ਤੀਸਰਾ ਤੇ ਤਿੰਨੇ ਮਿਲ ਕੇ ਚੋਥਾ, ਤਥਾ ਫਿਰ ਚਾਰੇ ਮਿਲ ਕੇ ਪੰਜਵਾਂ



www.AKJ.Org

ਨੇਮ ਲੈਣ ਤੇ ਨਾਲੋ ਨਾਲ ਸੰਗਤ ਤੋਂ ਪ੍ਰਵਾਨਗੀ ਲਈ ਜਾਣ।

ਇਸੇ ਤਰ੍ਹਾਂ ਇਕ ਬਲਾਕ-ਸੰਮਤੀ ਦੀਆਂ ਸਾਰੀਆਂ ਗ੍ਰਾਮ-ਪੰਚਾਇਤਾਂ ਦੇ ਚੁਣੇ ਹੋਏ 'ਪੰਜ-ਪਿਆਰੇ' ਇਕੱਠੇ ਹੋ ਕੇ ਬਲਾਕ-ਸੰਮਤੀ ਦੇ 'ਪੰਜ ਪਿਆਰੇ' 'ਸੀਲੈਕਟ' ਕਰ ਲੈਣ ਤੇ ਬਲਾਕ-ਸੰਮਤੀਆਂ ਦੇ ਇਕੱਠੇ ਹੋ ਕੇ ਤਹਿਸੀਲ ਦੇ, ਤੇ ਫਿਰ ਇਵੇਂ ਹੀ ਜ਼ਿਲਾ ਪ੍ਰੀਸ਼ਦ ਦੇ। ਅਤੇ ਸਾਰੇ ਜ਼ਿਲਾ-ਪ੍ਰੀਸ਼ਦਾਂ ਦੇ ਰਲ ਕੇ ਸ਼੍ਰੋ: ਗੁ: ਪ੍ਰਬੰਧਕ ਕਮੇਟੀ ਦੀ ਜਨਰਲ ਬਾਡੀ ਬਣ ਜਾਵੇ। ਇਹ ਜਨਰਲ ਬਾਡੀ ਹੇਠਾਂ ਦਰਜ ਵਰਗਾਂ ਚੋਂ ਕੁਆਪਸ਼ਨ ਕਰ ਲੈਣ :

(ੳ) ਤਖ਼ਤ ਸਾਹਿਬਾਨ ਦੇ ਜੱਥੇਦਾਰ ਤੇ ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ।

(ਅ) ਮਿਥੀ ਗਿਣਤੀ ਅਨੁਸਾਰ ਬੁਧੀਮਾਨ ਵਿਦਵਾਨ, ਪਰ ਇਹ ਭੀ ਮੈਂਬਰੀ ਵਾਲੀਆਂ ਸ਼ਰਤਾਂ ਪੂਰੀਆਂ ਕਰਦੇ ਹੋਣ।

(ੲ) ਪ੍ਰਵਾਨ ਸਿਖ ਸੰਪ੍ਰਦਾਵਾਂ ਦੇ, ਭਿੰਨ ਭਿੰਨ ਗਿਣਤੀ ਵਿਚ ਪ੍ਰਤਿਨਿਧ, ਜੋ ਕਿ ਆਪੋ ਆਪਣੀ ਸੰਸਥਾ ਦੇ ਘਲੇ ਹੋਏ ਆਉਣ ਅਤੇ ਆਪੋ ਆਪਣੀ ਸੰਪ੍ਰਦਾਏ ਦੇ ਮਿਥੇ ਸਿਖੀ ਗੁਣਾਂ ਤਥਾ ਸੰਪ੍ਰਦਾਇਕ ਡਿਸਿਪਲਿਨ ਦੇ ਧਾਰਨੀ ਹੋਣ।

(ਸ) ਪੰਜਾਬ ਤੋਂ ਬਾਹਰ ਦੇਸ਼ ਜਾਂ ਬਿਦੇਸ਼ਾਂ ਅੰਦਰ ਭੀ ਜਿਥੇ ਜਿਥੇ ਸਿਖ ਸੰਗਤਾਂ ਦੀ ਗਿਣਤੀ ਇਕ ਮਿਥੀ ਹੱਦ ਤੋਂ ਘਟ ਨਾ ਹੋਵੇ, ਉਪ੍ਰੋਕਤ 'ਸੀਲੈਕਸ਼ਨ' ਵਿਧੀ ਨਾਲ ਵਿਅਕਤੀ ਚੁਣ ਕੇ ਭੇਜੇ।

ਨੋਟ : ਇਸ ਸਬੰਧ ਵਿਚ ਤੀਸਰੇ ਸਤਿਗੁਰੂ ਜੀ ਦੀ ਚਲਾਈ 'ਮੰਜੀ' ਪ੍ਰੰਪਰਾ ਦੀ ਨਵੀਂ ਰੂਪ-ਰੇਖਾ ਚਾਲੂ ਕਰਨੀ ਪਵੇਗੀ, ਤਥਾ ਬਿਦੇਸ਼ਾਂ ਵਿਚ ਭੀ, ਸ਼ਾਇਦ, ਸਰਬੱਤ ਪੰਥ ਦੀ ਪ੍ਰਵਾਨਗੀ ਨਾਲ ਥਾਂ ਥਾਂ ਤਖ਼ਤ ਸਥਾਪਨ ਕਰਨੇ ਜ਼ਰੂਰੀ ਹੋ ਜਾਣਗੇ ਤੇ ਹਰੇਕ ਤਖ਼ਤ ਨਾਲ ਵਖੋ ਵਖ ਬਿਦੇਸ਼ੀ ਇਲਾਕਿਆਂ ਦੀਆਂ ਸੰਗਤਾਂ ਸਬੰਧਤ ਹੋ ਜਾਣ ਤੇ ਉਨ੍ਹਾਂ ਤਖ਼ਤਾਂ ਦੇ ਜਥੇਦਾਰ ਭੀ ਸ਼੍ਰੋਮਣੀ ਕਮੇਟੀ ਦੀ ਜਨਰਲ ਬਾਡੀ ਦੇ ਮੈਂਬਰ ਹੋਣ।

(ਹ) ਜਿਹੜੇ ਵਰਗ ਉਪ੍ਰੋਕਤ ਸ਼ੁਮਾਰ ਵਿਚ ਨਾ ਆਉਂਦੇ ਹੋਣ, ਉਨ੍ਹਾਂ ਦੇ 'ਇਲੈਕਟੋਰਲ ਕਾਲਜ' ਮਿਥ ਕੇ ਉਪ੍ਰੋਕਤ 'ਸੀਲੈਕਸ਼ਨ ਸਿਸਟਿਮ' ਰਾਹੀਂ ਪ੍ਰਤੀਨਿਧ ਸ਼ਾਮਲ ਕੀਤੇ ਜਾਣ।

ਇਸ ਤਰ੍ਹਾਂ ਬਣੀ ਸ਼੍ਰੋਮਣੀ ਪੰਥਕ ਸੰਸਥਾ ਸ੍ਰੀ ਅਕਾਲ ਤਖ਼ਤ ਤੇ ਆਪਣੀ ਪਹਿਲੀ ਜਨਰਲ ਇਕੱਤ੍ਰਤਾ ਵਿਚੋਂ ਉਸੇ 'ਪੰਜ-ਪਿਆਰਾ' ਤ੍ਰੀਕੇ ਨਾਲ 'ਪੰਜ-ਪਿਆਰਾ ਪ੍ਰੀਜ਼ਿਡੀਅਮ' ਯਾਨੀ ਸ਼੍ਰੋਮਣੀ ਪੰਥਕ ਹਾਈ ਕਮਾਨ ਦੀ ਚੋਣ ਕਰੇ। ਉਸ ਦੀ ਮਿਆਦ ਘਟੋ ਘਟ ਪੰਜ ਸਾਲ ਦੀ ਹੋਵੇ ਤੇ ਇੰਨੀ ਹੀ ਜਨਰਲ ਬਾਡੀ ਦੀ।

'ਪੰਜ-ਪਿਆਰਾ' ਪੰਥਕ ਹਾਈ ਕਮਾਨ ਆਪੋ ਆਪਣੇ ਪੋਰਟ ਫ਼ੋਲੀਓ (ਕਾਰਜ ਖੇਤਰ) ਮਿਥ ਕੇ, ਜਿਨ੍ਹਾਂ ਦੀ ਜਨਰਲ ਬਾਡੀ 'ਚ ਪ੍ਰਵਾਨਗੀ ਹੋਵੇ, ਕੈਬਨਿਟ ਸਿਸਟਮ ਅਧੀਨ ਕੰਮ ਕਰੇ ਅਤੇ ਸਿਖ ਪੰਥ ਦੀ ਬਹੁਪੱਖੀ ਹੋਣੀ ਦੇ ਪੁਨਰ ਨਿਰਮਾਣ ਵਾਸਤੇ ਪ੍ਰੋਗਰਾਮ ਤੇ ਪਾਲਿਸੀ ਤਥਾ ਪਲਾਨ ਨਿਰਧਾਰਤ ਕਰ ਕੇ, ਜਨਰਲ ਬਾਡੀ ਦੀ ਪ੍ਰਵਾਨਗੀ ਪ੍ਰਾਪਤ ਕਰ ਕੇ, ਇਸ ਪਲਾਨ ਨੂੰ ਰੂਪਮਾਨ ਕਰੇ। ਇਹੋ 'ਪੰਜ-ਪਿਆਰਾ' ਹਾਈ ਕਮਾਨ ਖ਼ਾਲਸਾ ਪੰਥ ਦੇ ਸਾਰੇ ਕੰਮ ਸੰਭਾਲੇ, ਹਰੇਕ ਮੈਂਬਰ ਆਪਣੀ ਮਦਦ ਤੇ ਸਹਾਇਤਾ ਲਈ ਸਮੁਚੀ 'ਪ੍ਰੀਜ਼ਿਡੀਅਮ' ਦੀ ਪ੍ਰਵਾਨਗੀ ਨਾਲ (ਆਪਣੇ ਹਲਕੇ ਵਿਚੋਂ ਸਲਾਹਕਾਰ) ਸਬ-ਕਮੇਟੀਆਂ ਬਣਾ ਲਵੇ ਅਤੇ 'ਪ੍ਰੀਜ਼ਿਡੀਅਮ' ਦਾ ਆਲ੍ਹਾ ਦਿਮਾਗੀ ਸੇਵਕਾਂ ਦਾ ਇਕੋ ਕੇਂਦਰੀ ਸੈਕਰੇਟੇਰੀਅਟ ਹੋਵੇ—ਅਤੇ ਇਸ ਤਰ੍ਹਾਂ ਦੀ ਪੰਥਕ ਹਾਈ ਕਮਾਨ ਸ੍ਰੀ ਅਕਾਲ ਤਖ਼ਤ ਦੀ ਮੋਹਰ-ਛਾਪ ਅਧੀਨ ਆਪਣੇ ਫ਼ਰਜ਼ ਨਿਭਾਵੇ, ਅਲੱਗ ਅਲੱਗ ਸ਼੍ਰੋ: ਗੁ: ਪ੍ਰ: ਕਮੇਟੀ ਤਥਾ ਸ਼੍ਰੋਮਣੀ ਅਕਾਲੀ ਦਲ ਦੀ ਲੋੜ ਨਾ ਰਹਿ ਜਾਵੇ। ਪੇਡ ਸੈਕਰੇਟੇਰੀਅਟ ਤੋਂ ਇਲਾਵਾ 'ਪ੍ਰੀਜ਼ਿਡੀਅਮ' ਤੇ ਹੋਰ ਆਨਰੇਰੀ ਪੰਥ-ਸੇਵਕਾਂ ਦੀ 'ਹੋਲਟਾਈਮ' ਦੀ ਸੇਵਾ ਵਜੋਂ ਉਨ੍ਹਾਂ ਨੂੰ ਰਿਹਾਇਸ਼, ਅਲਾਉਂਸ ਆਦਿਕ ਦੀਆਂ ਢੁਕਦੀਆਂ ਸਹੂਲਤਾਂ ਪ੍ਰਵਾਨ ਤੇ ਪ੍ਰਾਪਤ ਹੋਣ।

ਹੋਰ ਕਿਸੇ ਵੀ ਸੰਸਥਾ ਦੇ ਥਾਂ ਪੰਥਕ ਮਾਮਲਿਆਂ ਦੀ ਸਰੰਜਾਮਦਹੀ ਵਾਸਤੇ ਤਖ਼ਤ ਸਾਹਿਬਾਨ ਦੀ ਇਤਿ-ਹਾਸਕ ਅਹਿਮੀਅਤ ਬਹਾਲ ਕੀਤੀ ਜਾਵੇ, ਜਿਨ੍ਹਾਂ ਵਿਚੋਂ ਸ੍ਰੀ ਅਕਾਲ ਤਖ਼ਤ ਦੀ ਪ੍ਰਧਾਨਤਾ ਹੋਵੇ।

ਇਨ੍ਹਾਂ ਲੀਹਾਂ ਉਤੇ 'ਨਿਆਰੇ' ਖ਼ਾਲਸਈ ਪੰਥਕ



www.AKJ.Org

ਢਾਂਚੇ ਤੇ ਬਣਤਰ ਦੀ ਪੁਨਰ-ਸਥਾਪਨਾ ਦੀ ਅਤੀ ਲੋੜ ਹੈ। ਇਹ ਪੁਰਾਣਾ ਅਟਕਲ-ਪੱਚੂ ਢਾਂਚਾ ਹੁਣ ਮਾਡਰਨ ਜ਼ਮਾਨੇ ਵਿਚ ਪੰਥ ਦੀ ਜਗੋ-ਹਸਾਈ ਦਾ ਹੀ ਕਾਰਨ ਹੈ, ਇਸ ਦੇ ਇਤਿਹਾਸਕ ਰੋਲ ਦੀ ਪੂਰਤੀ ਦਾ ਪ੍ਰਤੀਕ ਕਦਾਚਿਤ ਨਹੀਂ ਹੋ ਸਕਦਾ।

### ਅਸਲ 'ਪੰਥਕ ਪਾਲਿਟਿਕਸ' ਤੇ ਗੁਰਦਵਾਰੇ :—

ਪੰਥ ਦੇ ਨਾਮ ਉਤੇ ਅਜ ਕਲ੍ਹ ਦੀ ਬਿਗੜ-ਰੂਪ ਅਖੌਤੀ ਸਿਖ ਸਿਆਸਤ ਦੀ ਥਾਂ ਅਸਲ ਪੰਥਕ ਰਾਜਨੀਤੀ ਬੜੀ ਸੁਲਝੀ ਹੋਈ ਦੂਰ-ਦ੍ਰਿਸ਼ਟੀ ਵਾਲੀ ਪੰਥ ਦੀ ਸ੍ਵੈ-ਹੋਂਦ ਦੀ ਰਖਿਆ ਦੇ ਨਾਲ ਹੀ 'ਸਰਬੱਤ ਦੇ ਭਲੇ' ਤਥਾ 'ਸਾਧ ਸਮੂਹ ਪ੍ਰਸੰਨ ਫਿਰੈ ਜਗ ਸਤ੍ਰ ਸਭੈ ਅਵਲੋਕ ਚਪੈਂਗੇ' ਦੇ ਦੈਵੀ ਗੁਰੂ-ਮਿਸ਼ਨ ਦੀ ਪੂਰਤੀ ਦੀ ਜ਼ਾਮਨ ਹੋਣੀ ਜ਼ਰੂਰੀ ਹੈ। ਅਤੇ ਇਸ ਗੁਰੂ-ਆਸ਼ੇ ਨੂੰ ਰੂਪਮਾਨ ਕਰਨ ਵਾਸਤੇ ਜ਼ਰੂਰੀ ਹੋਵੇਗਾ ਕਿ ਪੰਥਕ ਲੀਡਰਸ਼ਿਪ, ਗ਼ੈਰ-ਸਿਖ ਗਵਾਂਢੀ ਪੰਜਾਬੀ ਭਰਾਵਾਂ ਚੋਂ ਸੱਚੇ ਸੁੱਚੇ ਹਮ-ਖ਼ਿਆਲ ਸਿਆਸੀ ਅਨਸਰਾਂ ਦਾ ਹਾਰਦਿਕ ਸਾਥ ਪਰਾਪਤ ਕਰ ਕੇ 'ਪੰਜਾਬੀਅਤ' ਯਾਨੀ ਵਿਲੱਖਣ 'ਪੰਜਾਬੀ ਨੈਸ਼ਨੈਲਿਟੀ' ਰੂਪ-ਰੇਖਾ ਬਹਾਲ ਤੇ ਸੁਰੱਖਿਅਤ ਕਰਨ ਲਈ ਕਮਰਕਸੇ ਕਰੇ।

ਪੰਜਾਬ ਅੰਦਰ ਗੁਰੂ ਮਿਸ਼ਨ ਦਾ ਪ੍ਰਤੀਕ ਇਹੋ ਹੀ ਸਰਬੱਤ—ਦੇ—ਭਲੇ ਵਾਲਾ ਰਾਜਨੀਤਕ ਆਦਰਸ਼ 'ਪੰਥਕ ਪਾਲਿਟਿਕਸ' ਕਹਾਉਣ ਦਾ ਹੱਕਦਾਰ ਹੈ। ਮੌਜੂਦਾ ਹਾਲਾਤ ਅੰਦਰ ਹੋਰ ਕੋਈ ਸਾਥ ਨਾ ਭੀ ਮਿਲੇ ਤਾਂ ਕੇਵਲ ਗੁਰੂ ਦੀ ਓਟ ਤੇ ਪੰਥ ਨੂੰ ਖ਼ੁਦ ਹੀ 'ਪੰਜਾਬ ਤੇ ਪੰਜਾਬੀਅਤ ਅੱਵਲ' ਦੇ ਸਿਆਸੀ ਆਦਰਸ਼ ਦੇ ਨਾਅਰੇ ਉਤੇ ਕਮਰ-ਬਸਤਾ ਹੋ ਜਾਣਾ ਚਾਹੀਦਾ ਹੈ। ਅਤੇ ਇਸ ਰਾਜਨੀਤਕ ਆਦਰਸ਼ ਦੀ ਪੂਰਤੀ ਵਾਸਤੇ ਗੁਰਦਵਾਰਿਆਂ ਤੋਂ ਬਾਹਰ ਕੋਈ ਸਰਬ-ਸਾਂਝਾ ਸਿਆਸੀ ਪਲੈਟਫ਼ਾਰਮ ਨਾ ਬਣ ਸਕੇ ਤਾਂ ਸ੍ਰੀ ਅਕਾਲ ਤਖ਼ਤ ਤੋਂ ਇਸ ਦੀ ਪਹਿਲ ਕਰਨ ਦੇ ਭੀ ਸਿਖ ਇਤਿਹਾਸ ਵਿਰੁੱਧ ਨਹੀਂ। ਆਖ਼ਰ, ਮਿਸਾਲ ਵਜੋਂ, ਸਾਡੇ ਵਡਿਆਂ ਨੇ, ਭੁੱਖਣ ਭਾਣੇ ਹੀ ਇਸੇ ਪਵਿਤਰ ਅਸਥਾਨ ਤੋਂ ਅਰਦਾਸਾ ਸੋਧ ਕੇ ਕਸੂਰ ਦੇ ਨਵਾਬ ਤੋਂ ਇਕ ਫ਼ਰਿਆਦੀ ਮਜ਼ਲੂਮ ਬ੍ਰਾਹਮਣ ਦੀ ਇਸਤ੍ਰੀ ਜਾਨਾਂ ਹੂਲ ਕੇ ਜਾ ਛਡਾਈ ਸੀ।

### ਤੱਤ-ਫੱਟ ਕਰਨ ਵਾਲੀਆਂ ਗੱਲਾਂ :—

ਉਪਰ ਦਸੇ ਜੋ ਮੋਟੇ ਮੋਟੇ ਸੁਧਾਰਾਂ ਤੇ ਗੁਰਦਵਾਰਾ ਐਕਟ ਵਿਚ ਜ਼ਰੂਰੀ ਤਰਮੀਮਾਂ ਦਾ ਜ਼ਿਕਰ ਕੀਤਾ ਗਿਆ ਹੈ, ਇਹ ਤਾਂ ਬਹੁਤ ਅਤੀ ਇਨਕਲਾਬੀ ਨੋਈਅਤ ਦੇ ਹਨ। ਇਹ ਤਾਂ ਹੁੰਦੇ ਹੀ ਹੋਣਗੇ। ਇਨ੍ਹਾਂ ਦੇ ਨੇਪਰੇ ਚੜ੍ਹਨ ਵਿਚ ਅਜੇ ਕਈ ਕਠਿਨਾਈਆਂ ਦਿਸਦੀਆਂ ਹਨ। ਪਰ ਹੇਠਾਂ ਦਰਜ ਸੁਝਾਵਾਂ ਦੇ ਸਿਰੇ ਚੜ੍ਹਨ ਵਿਚ ਤਾਂ ਕੋਈ ਔਖਿਆਈ ਨਹੀਂ ਜਾਪਦੀ, ਬਸ਼ਰਤਿ-ਕਿ ਗੁਰਦਵਾਰਾ ਪ੍ਰਬੰਧ ਦੇ ਸਨਮਾਨ ਜੋਗ ਅੰਤਰੰਗ ਮੁਖੀ ਤੇ ਸ਼੍ਰ: ਕਮੇਟੀ ਦੇ ਜਨਰਲ ਮੈਂਬਰ ਸਾਹਿਬਾਨ ਕੁਛ ਕਰ ਗੁਜ਼ਰਨ ਵਾਸਤੇ ਤਨੋਂ ਮਨੋਂ ਤਤਪਰ ਹੋ ਜਾਣ।

(ੳ) ਉਪਰ ਸ਼੍ਰ: ਗੁ: ਪ੍ਰਬੰਧਕ ਕਮੇਟੀ ਦੇ ਮੁਖੀ ਤੇ ਜਨਰਲ ਮੈਂਬਰਾਂ ਲਈ ਜੋ ਖ਼ਾਲਸਈ ਰਹਿਤ-ਰਹਿਣੀ ਦੀਆਂ ਸ਼ਰਤਾਂ ਦਰਜ ਹਨ, ਇਸੇ ਲਿਸਟ ਨੂੰ ਜ਼ਾਤੀ ਗਜ਼ ਮਿਥ ਕੇ ਸਾਰੇ ਸਜਣ ਨਿਜੀ 'ਪੰਜ-ਪਿਆਰਾ ਸੋਧ ਸੁਧਾਈ' ਫ਼ੌਰਨ ਕਰਵਾ ਲੈਣ ਤੇ ਉਸ ਪਿਛੋਂ ਸਿਖ ਜਨਤਾ ਅੰਦਰ ਅੰਮ੍ਰਿਤ ਪ੍ਰਚਾਰ ਦੀ ਇਕ ਜ਼ਬਰਦਸਤ ਲਹਿਰ ਖ਼ੁਦ ਮੋਹਰੀ ਬਣ ਕੇ ਆਪੋ ਆਪਣੇ ਹਲਕੇ ਵਿਚ ਚਲਾਣ। ਸ਼ਤਾਬਦੀ ਕਮੇਟੀ ਦੇ ਮੁਖੀ ਅਤੇ ਆਮ ਮੈਂਬਰ ਭੀ ਇਸੇ ਤਰ੍ਹਾਂ ਕਰਨ। ਹੋਰ ਕੋਈ ਭੀ ਪੰਥਕ ਕੰਮ ਅਜੇ ਮੁਲਤਵੀ ਰਖਿਆ ਜਾਵੇ।

ਜਿੰਨਾ ਚਿਰ ਆਮ ਸਿਖ ਚਲਣ ਉਨ੍ਹਾਂ ਲੀਹਾਂ ਵਿਚ ਹੀ ਮੁੜ ਨਹੀਂ ਪਾਇਆ ਜਾਂਦਾ ਜੋ ਲੀਹਾਂ ਕਿ ਸਾਡੇ ੧੮ਵੀਂ—੧੯ਵੀਂ ਸਦੀ ਦੇ ਬਜ਼ੁਰਗ ਸ਼ਹੀਦ ਉਲੀਕ ਗਏ ਹਨ, ਪੰਥ ਦਾ ਮੌਜੂਦਾ ਬਹੁਪੱਖੀ ਢਹਿੰਦੀ ਕਲਾ ਦੀ ਜਿਲ੍ਹਣ ਚੋਂ ਨਿਕਲਣਾ ਬਹੁਤ ਕਠਿਨ ਪ੍ਰਤੀਤ ਹੁੰਦਾ ਹੈ। ਪੰਥ ਇਤਿਹਾਸਕ ਦੋਖੀਆਂ ਦਾ ਭੀ ਪੂਰਾ ਤਾਣ ਲਗ ਰਿਹਾ ਹੈ ਕਿ 'ਖ਼ਾਲਸਾ' ਮੁੜ ਆਪਣੇ ਅਸਲੇ ਨੂੰ ਨਾ ਪਛਾਣ ਸਕੇ।



www.AKJ.Org

(ਅ) ਉਪਰ ਦਸੇ ਜ਼ਰੂਰੀ ਮਸਲਿਆਂ ਦੇ ਸਨਮੁਖ ਅਤੇ ਹੋਰ ਹਰੇਕ ਡੀਟੇਲ ਵਿਚ ਦੀਨੀ ਤੇ ਦੁਨਿਆਵੀ ਪੰਥਕ ਵਿਉਂਤਬੰਦੀ ਉਲੀਕਣ ਵਾਸਤੇ, ਸ਼੍ਰੋ: ਕਮੇਟੀ (ਜਾਂ ਸ਼ਤਾਬਦੀ ਕਮੇਟੀ) ਦੇ ਪ੍ਰਬੰਧ ਹੇਠ, ਹਰ ਕਿਸਮ ਦੇ ਚੋਣਵੇਂ ਪੰਥ-ਹਿਤੈਸ਼ੀ ਵਿਦਵਾਨ ਦਾਨਸ਼ਵਰਾਂ ਦਾ ਇਕ ਪੰਥਕ 'ਪਲਾਨਿੰਗ-ਕਮ-ਰੀਸਰਚ' ਸੈਲ ਫ਼ੌਰਨ ਸਥਾਪਤ ਕੀਤਾ ਜਾਵੇ । ਇਹ ਵਿਭਾਗ ਸਿਖ ਪੰਥ ਦੇ ਹਰੇਕ ਖੇਤਰ ਦਾ ਲੋੜੀਂਦਾ ਵਿਗਿਆਨਕ ਸਰਵੇਖਣ ਕਰਨ ਦਾ ਜਾਇਜ਼ਾ ਲੈਣ ਉਪ੍ਰੰਤ ਜ਼ਰੂਰੀ ਮਸਲਿਆਂ ਦੀ ਸਕਾਲਰ ਪਧਰ ਉਤੇ ਰੀਸਰਚ ਕਰੇ, ਅਥਵਾ ਕਰਾਵੇ ਅਤੇ ਦੂਰ-ਦਰਸ਼ੀ ਪੰਥਕ ਪਲਾਨ, ਪ੍ਰੋਗਰਾਮ, ਪਾਲਿਸੀ ਆਦਿਕ ਉਲੀਕੇ ਤਾਂਕਿ ਸਿਖ ਪੰਥ ਆਪਣੇ ਜ਼ਿਮੇ ਲਗਾ ਇਤਿਹਾਸਕ ਰੋਲ ਅਦਾ ਕਰ ਸਕੇ, ਨਾ ਕਿ ਪਿਛਲੱਗ ਜਿਹਾ ਬਣਿਆ ਫਿਰੇ ਤੇ ਬੇਅਰਥ ਮੈਮੋਰੰਡਮਾਂ, ਅਰਜ਼ਦਾਸ਼ਤਾਂ, ਡੈਪੂਟੇਸ਼ਨਾਂ ਆਦਿ ਰਾਹੀਂ ਤਰਲੇ ਜਿਹਾ ਲੈਂਦਾ ਫਿਰੇ । "ਸਿੰਘ ਬੁਕੇ, ਮਿਰਗਾਵਲੀ ਭੰਨੀ ਜਾਏ, ਨ ਧੀਰ ਧਰੋਆ" ਵਾਲੇ ਨਿਜ-ਅਸਥਾਨ ਸਥਾਪਨ ਕਰਨ ਨੂੰ ਇਤਿਹਾਸਕ ਨਿਸ਼ਾਨਾ ਮਿਥੇ ।

ਇਸ ਸਾਰੇ ਵਿਚਾਰ-ਵੇਗ ਦੇ ਕੇਂਦਰੀ ਨੁਕਤਿਆਂ ਚੋਂ ਕੁਛ ਇਹ ਹਨ ਕਿ ਜਿੰਨਾ ਚਿਰ ਸਿਖ ਪੰਥ ਦਾ ਕੁਛ ਕਰ-ਗੁਜ਼ਰਨ ਵਾਲਾ, ਸਿਰਲੱਥ ਵਰਗ, ਜਿਸ ਦਾ ਪ੍ਰਤੀਕ ਕਿ ਸ਼੍ਰੋ: ਅਕਾਲੀ ਦਲ ਹੀ ਹੈ, ਆਪਣਾ ਸਿਖ ਚਲਨ ਸਿਖੀ ਸਟੈਂਡਰਡ ਦਾ ਨਹੀਂ ਬਣਾਉਂਦਾ ਤੇ ਜਿੰਨਾ ਚਿਰ ਇਹ ਵਰਗ ਪੰਥ ਦੀ ਨਵੀਂ ਇਨਕਲਾਬੀ ਹੋਣੀ ਘੜਨ ਲਈ ਆਪਣੇ ਨਾਲ ਪੰਥ ਦੇ ਚੋਣਵੇਂ ਦਾਨਸ਼ਵਰ ਵਿਦਵਾਨਾਂ ਨੂੰ ਨਹੀਂ ਜੋੜਦਾ, ਸਿਖ ਵਿਚਾਰਵਾਨ ਤਬਕੇ ਅੰਦਰ ਪ੍ਰੋ: ਜੇ. ਸੀ. ਆਰਚਰ ਦੇ ੧੯੪੫ ਵਿਚ ਅੰਕਿਤ ਅਤੇ—ਪ੍ਰਲੋਕਵਾਸੀ ਸਰ ਫ਼ਜ਼ਲ ਹੁਸੈਨ ਪ੍ਰਸਿਧ ਦੂਰਦਰਸ਼ੀ ਮੁਸਲਿਮ ਨੇਤਾ ਦੇ ੧੯੨੫ ਵਿਚ ਕਹੇ ਸਿਖਾਂ ਪ੍ਰਤੀ ਇਤਿਹਾਸਕ ਰੀਮਾਰਕਸ ਸਦਾ ਖੁਤਖੁਤੀ ਤੇ ਚਿੰਤਾ ਪੈਦਾ ਕਰਦੇ ਰਹਿਣਗੇ ।

ਸਿਖ ਧਰਮ ਦੇ ਪੰਥਕ ਪ੍ਰੋਫ਼ੈਸਰ, ਭਾਈ ਸਾਹਿਬ ਸਰਦਾਰ ਕਪੂਰ ਸਿੰਘ ਜੀ ਦੀ ਤਾਜ਼ੀ ਛਪੀ ਪੰਜਾਬੀ ਪੁਸਤਕ 'ਸਾਚੀ ਸਾਖੀ' ਵਾਚਣ ਤੋਂ, ਸਰ ਫ਼ਜ਼ਲ ਹੁਸੈਨ ਦੇ ਕਥਨ ਦੀ ਪੂਰੀ ਗਵਾਹੀ ਮਿਲ ਜਾਂਦੀ ਹੈ । ਅਤੇ ਸਿਖ ਪੰਥ ਦੇ ਸਮੂਹਕ ਧਾਰਮਿਕ ਚਲਨ ਦੀ ਸਰਬ-ਵਿਆਪੀ ਸਥਿਲਤਾ ਬਾਰੇ ਹੋਸ਼ ਭੀ ਸਿਖ ਲੀਡਰ-ਸ਼ਿਪ ਨੂੰ ਤਾਂ ਹੀ ਆਈ ਹੈ ਜਾਂ ਪਿਛਲੀ ਅਧੀ ਕੁ ਸਦੀ ਵਿਚ ਪਾਣੀ ਸਿਰ ਤੋਂ ਦੀ ਲੰਘ ਤੁਰਿਆ ਹੈ ।

ਪਰ ਅਜੇ ਭੀ, ਧਾਰਮਿਕ ਪੁਨਰ ਨਿਰਮਾਣ ਤੇ ਸਹੀ ਸਿਆਸੀ ਸੇਧ ਮਿਥਣ ਦੇ ਪਹਿਲੂਆਂ ਵਿਚ, ਹੱਥ ਅੱਕੀਂ-ਪਲਾਹੀਂ ਹੀ ਪੈ ਰਹੇ ਦਿਸਦੇ ਹਨ । ਸ਼੍ਰੋ: ਕਮੇਟੀ ਦੇ ਸਰਬੋਤਮ ਪੱਧਰ ਉਤੇ ਅਜੇ ਇਸ ਗੰਭੀਰ ਮਸਲੇ ਦੀ ਘੋਖ ਤੇ ਸਮਾਧਾਨ ਦੇ ਕੋਈ ਨਿਸ਼ਾਨ ਪ੍ਰਗਟਣ ਦੀ ਸੰਭਾਵਨਾ ਨਹੀਂ, ਜਿਸ ਕਰਕੇ ਪ੍ਰੋ: ਆਰਚਰ ਦੇ ਕਥਨ ਦੀ ਸਚਾਈ ਅਜੇ ਭੀ ਪ੍ਰਤੱਖ ਹੈ । ਅਤੇ ਨਾ ਹੀ ਅਜੇ ਤਕ ਪਿਛਲੇ ਇਕ ਸਾਲ ਤੋਂ ਉਤੇ ਸਮੇਂ ਅੰਦਰ ਸਿੰਘ ਸਭਾ ਸ਼ਤਾਬਦੀ ਕਮੇਟੀ ਦੇ ਸਿਖ ਚਲਨ ਦੀ ਸੁਰਜੀਤੀ ਸਬੰਧੀ ਉਦਮ ਦਾ, ਪੇਂਡੂ ਸਿਖ ਵਸੋਂ ਜਾਂ ਸਿਖ ਕਾਲਜਾਂ ਸਕੂਲਾਂ ਅੰਦਰ ਕੋਈ ਪ੍ਰਗਟ ਸਿਟਾ ਨਮੂਦਾਰ ਹੋਇਆ ਲਗਦਾ ਹੈ । ਸਿਖ ਬੁਧੀਜੀਵੀ ਭੀ ਬਹੁਤੇ ਅਜੇ ਲਾਂਭੇ ਬੈਠੇ ਤਮਾਸ਼ਾ ਹੀ ਵੇਖ ਰਹੇ ਪ੍ਰਤੀਤ ਹੁੰਦੇ ਹਨ ।

---

# ਪਠਾਨਕੋਟ ਵਿਖੇ ਤਿੰਨ ਅਖੰਡਪਾਠ

ਅਖੰਡ ਕੀਰਤਨੀ ਜਥਾ ਦੇ ਸੇਵਕ ਸੂਚਨਾ ਦਿੰਦੇ ਹਨ ਕਿ ੧੨ ਮਈ ੧੯੭੪ ਐਤਵਾਰ ਸਵੇਰੇ ਸੁਕੁਆਡਰਨ-ਲੀਡਰ ਮਨਜੀਤ ਸਿੰਘ ਸੇਖੋਂ ਦੇ ਗ੍ਰਹਿ ਵਿਖੇ ਤੀਸਰੇ ਅਖੰਡਪਾਠ ਦੇ ਭੋਗ ਉਪ੍ਰੰਤ ਦੁਪਹਿਰ ਤਕ ਚੜ੍ਹਦੀਆਂ ਕਲਾ ਵਿਚ ਅਖੰਡ ਕੀਰਤਨ ਹੋਏ ਤੇ ਲੰਗਰ ਵਰਤੇ । ਇਸ ਸਮਾਗਮ ਦੀ ਖ਼ੁਸ਼ੀ ਵਿਚ ਇਕ ਸੌ ਰੁਪਏ ਸ੍ਰੀ ਗੁਰੂ ਗ੍ਰੰਥ ਸਾਹਿਬ ਮਿਸ਼ਨ ਟ੍ਰਸਟ ਨੂੰ, ਪੰਜਾਹ ਰੁਪਏ ਸੂਰਾ ਮਾਸਕ ਪਤਰ ਅਤੇ ਇਕ ਸੌ ਰੁਪਏ ਅਖੰਡ ਕੀਰਤਨੀ ਜੱਥਾ ਪਠਾਨਕੋਟ ਨੂੰ ਗੁਰਮਤਿ ਪ੍ਰਚਾਰ ਲਿਟ੍ਰੇਚਰ ਦੀ ਛਪਾਈ ਹਿਤ ਸਹਾਇਤਾ ਦਿਤੀ ਗਈ । ਸਤਿਗੁਰੂ ਇਸ ਪਰਵਾਰ ਨੂੰ ਨਾਮ ਦਾਨ,ਸਿਖੀ ਸਿਦਕ ਤੇ ਚੜ੍ਹਦੀਆਂ ਕਲਾਂ ਬਖ਼ਸ਼ਣ।



www.AKJ.Org

# ਸਿੰਘੋ ! ਹੁਣ ਉਠੋ ਤੇ ਵੇਲਾ ਸੰਭਾਲੋ

[ ਵਲੋਂ—ਗਿਆਨੀ ਜੀਤ ਸਿੰਘ ਜੀ, ਖਾਰ ਬੰਬਈ ]

ਸਿਖ ਇਤਿਹਾਸ ਦੇ ਵਰਕੇ ਸਿੰਘਾਂ ਦੀਆਂ ਬੇਮਿਸਾਲ ਕੁਰਬਾਨੀਆਂ ਤੇ ਆਦਰਸ਼ਕ ਜੀਵਨੀਆਂ ਸੁਨਿਹਰੀ ਅੱਖਰਾਂ ਨਾਲ ਲਿਖੇ ਭਰੇ ਪਏ ਹਨ । ਸਿਖ ਪੰਥ ਦੀ ਸਾਜਨਾ ਹੀ ਸਤਿਗੁਰਾਂ ਨੇ ਮਨੁੱਖਤਾ ਦੇ ਉਚਤਮ ਆਦਰਸ਼-ਪ੍ਰਾਪਤੀ ਲਈ ਕੀਤੀ ਸੀ । ਪੰਥ ਦੇ ਵਾਲੀ ਨੇ ਸਿਰ ਲੈ ਕੇ ਖ਼ਾਲਸਾ ਪੰਥ ਦੀ ਸਾਜਨਾ ਕੀਤੀ ਤੇ ਵੰਗਾਰ ਕੇ ਗੁਰੂ ਨਾਨਕ ਦੇਵ ਜੀ ਨੇ ਕਿਹਾ, "ਜੇ ਤਉ ਪ੍ਰੇਮ ਖੇਲਨ ਕਾ ਚਾਉ । ਸਿਰ ਧਰਿ ਤਲੀ ਗਲੀ ਮੇਰੀ ਆਉ । ਇਤ ਮਾਰਗ ਪੈਰ ਧਰੀਜੈ । ਸਿਰ ਦੀਜੈ ਕਾਣ ਨ ਕੀਜੈ" ॥ ਖ਼ਾਲਸਾ ਇਕ ਪੂਰਨ ਮਨੁੱਖ ਦਾ ਸਰੂਪ ਹੈ । ਸਿਖੀ ਇਕ ਜੀਵਨ-ਢੰਗ ( Way of life) ਹੈ ਜੋ ਦੁਨਿਆਵੀ ਮਨੁੱਖਾਂ ਨਾਲੋਂ ਵਿਲੱਖਣ ਗੁਣਾਂ ਕਰਕੇ ਉਚੀ ਹੈ । ਜੇ ਕਰ ਇਕ ਸਿਖ ਨੇ ਵੀ ਹੋਰ ਦੁਨੀਆਦਾਰਾਂ ਵਾਂਗ ਜੀਵਨ ਬਿਤਾ ਕੇ ਸੰਸਾਰ ਤੋਂ ਚਲੇ ਜਾਣਾ ਹੈ 'ਤਾਂ ਫਿਰ ਖ਼ਾਲਸਾ' ਤੇ ਹੋਰ ਦੁਨਿਆਵੀ ਲੋਕਾਂ ਵਿਚ ਕੀ ਫ਼ਰਕ ਹੋਇਆ ? ਸਿਖ ਦਾ ਜੀਵਨ-ਮਨੋਰਥ ਕੁਝ ਉਚੇਰਾ ਹੈ ਤੇ ਸਿਖ ਉਸ ਨਿਯਮ-ਬਧ ਮਨੋਰਥ ਦੇ ਰਾਹ ਤੇ ਚਲ ਕੇ ਹੀ ਸਿਖ ਅਖਵਾ ਸਕਦਾ ਹੈ । ਉਹ ਹੈ "ਸਿਖੁ ਰਹਿਤ ਮਰਯਾਦਾ" ਜੋ ਦਸਮੇਸ਼ ਪਿਤਾ ਜੀ ਨੇ ਆਪਣੇ ਸਿਖਾਂ ਨੂੰ 'ਜੀਵਨ-ਜਾਚ' ਦਸੀ ਹੈ ।

ਅਜ ਅਸੀਂ ਇਸ ਆਦਰਸ਼ ਤੋਂ ਅਵੇਸਲੇ ਹੋ ਕੇ ਥਲੇ ਡਿਗਦੇ ਜਾ ਰਹੇ ਹਾਂ ਤੇ ਹੌਲੇ ਹੌਲੇ ਕਮਜ਼ੋਰੀਆਂ ਵਧਦੀਆਂ ਜਾ ਰਹੀਆਂ ਹਨ । ਪਿਛਲੇ ੧੫—੨੦ ਸਾਲਾਂ ਦੇ ਅੰਦਰ ਹਾਲਤ ਬਹੁਤ ਚਿੰਤਾ-ਜਨਕ ਹਦ ਤਕ ਪਹੁੰਚ ਗਈ ਹੈ । ਪੁਰਾਤਨ ਸਿੰਘਾਂ ਵਿਚ ਆਪਸ ਵਿਚ ਬਹੁਤ ਇਤਫ਼ਾਕ ਤੇ ਪਿਆਰ ਸੀ। ਪੰਥ ਪ੍ਰਕਾਸ਼ ਵਿਚ ਲਿਖਿਆ ਹੈ "ਹੈ ਇਨ ਮਹਿ ਇਤਫ਼ਾਕ ਮਹਾਨ, ਸਿੰਘ ਸਿੰਘ ਪਹਿ ਵਾਰਤ ਜਾਨ।" ਇਹੋ ਕਾਰਨ ਸੀ ਕਿ ਸਿੰਘ ਮੁਸੀਬਤਾਂ ਵਿਚ ਹੁੰਦੇ ਹੋਏ ਵੀ ਸਦਾ ਚੜ੍ਹਦੀਆਂ ਕਲਾਂ ਵਿਚ ਰਹਿੰਦੇ ਰਹੇ ਤੇ ਸਦਾ ਪੰਥ ਦੀ ਉਚੀ ਸ਼ਾਨ ਹੁੰਦੀ ਰਹੀ ।

ਇਸ ਦੀ ਇਕ ਮਿਸਾਲ ਇਤਿਹਾਸ ਵਿਚ ਲਿਖੀ ਹੈ ਕਿ ਫ਼ਰਖ਼ਸੀਅਰ ਬਾਦਸ਼ਾਹ ਦੇ ਵੇਲੇ ਸਿੰਘਾਂ ਤੇ ਬਹੁਤ ਅਤਿਆਚਾਰ ਕਤਲ ਆਮ ਕੀਤੇ ਗਏ । ਸਿੰਘਾਂ ਦੇ ਸਿਰਾਂ ਦੇ ਮੁੱਲ ਪੈਂਦੇ ਸਨ ਤੇ ਇਨਾਮ ਮਿਲਦੇ ਸਨ। ਇਕ ਵਾਰ ਜੇਲ੍ਹ-ਖ਼ਾਨੇ ਵਿਚ ਦੋ ਸਿੰਘਾਂ ਨੂੰ ਕੈਦ ਕੀਤਾ ਤੇ ਅਠ ਦਿਨ ਤਕ ਕੁਝ ਖਾਣ ਪੀਣ ਨੂੰ ਨਾ ਦਿਤਾ ਗਿਆ । ਦੋਹਾਂ ਕੈਦੀਆਂ ਦੀ ਸਰੀਰਕ ਦਸ਼ਾ ਬਹੁਤ ਕਮਜ਼ੋਰ ਹੋ ਗਈ । ਆਖ਼ਰ ਅਠਵੇਂ ਦਿਨ ਅਧੀ ਰੋਟੀ ਦਾ ਟੁਕੜਾ ਤੇ ਪਾਣੀ ਦਾ ਇਕ ਪਿਆਲਾ ਜੇਲ੍ਹ-ਖ਼ਾਨੇ ਦੀਆਂ ਸੀਖਾਂ ਵਿਚੋਂ ਅੰਦਰ ਸੁਟਿਆ ਗਿਆ । ਦੋਹਾਂ ਵਿਚੋਂ ਇਕ ਸਿੰਘ ਨੇ ਚੁਕਿਆ, ਪਰ ਚੁਕ ਕੇ ਆਪਣੇ ਸਾਥੀ ਨੂੰ ਕਿਹਾ, ਵੀਰ ਜੀ, ਇਹ ਤੁਸੀਂ ਛਕ ਲਵੋ ! ਤਾਂ ਦੂਸਰੇ ਸਾਥੀ ਨੇ ਕਿਹਾ, ਮੇਰੇ ਸਤਿਕਾਰ ਯੋਗ ਵੀਰ ਜੀਓ, ਇਹ ਤੁਸੀਂ ਛਕੋ, ਕਿਉਂਕਿ ਤੁਹਾਡੀ ਉਮਰ ਵਡੇਰੀ ਹੈ ਤੇ ਇਹ ਦੁਖ ਤੁਹਾਡੇ ਲਈ ਹੋਰ ਵਧੇਰੇ ਸਹਾਰਨਾ ਔਖਾ ਹੈ । ਮੇਰੇ ਵਿਚ ਤਾਂ ਅਜੇ ਕੁਝ ਜਵਾਨੀ ਹੈ ਤੇ ਚਰਬੀ ਹੈ ਕਿ ਮੈਂ ਕੁਝ ਦਿਨ ਹੋਰ ਦੁੱਖ ਝੱਲ ਸਕਾਂਗਾ ! ਅਗੋਂ ਵਡੇ ਵੀਰ ਨੇ ਕਿਹਾ ਕਿ ਨਹੀਂ, ਮੈਂ ਹੁਣ ਬੁੱਢਾ ਹੋ ਗਿਆ ਹਾਂ, ਬਚ ਕੇ ਵੀ ਪੰਥ ਦੀ ਪੂਰੀ ਸੇਵਾ ਨਹੀਂ ਕਰ ਸਕਾਂਗਾ, ਤੁਹਾਨੂੰ ਬਚਾਉਣਾ ਜ਼ਰੂਰੀ ਹੈ । ਤਾਂ ਜੋ ਤੁਸੀਂ ਪੰਥਕ ਸੇਵਾ ਕਰ ਸਕੋ । ਬਾਦਸ਼ਾਹ ਛੁਪ ਕੇ ਇਹ ਗਲਬਾਤ ਵੇਖ ਸੁਣ ਰਿਹਾ ਸੀ ਤੇ ਹੈਰਾਨ ਹੋ ਗਿਆ ਕਿ ਇਹ ਕਿਸ ਤਰ੍ਹਾਂ ਦੇ ਮਨੁੱਖ ਹਨ ਕਿ ਆਪਣੀ ਜਾਨ ਦਾ ਫ਼ਿਕਰ ਤਕ ਨਹੀਂ ਤੇ ਇਕ ਦੂਜੇ ਨੂੰ ਖਾਣ ਲਈ ਰੋਟੀ ਦੇ ਰਹੇ ਹਨ । ਸਚਮੁਚ ਸਿਖ ਦਾ ਸਿਖ ਨਾਲ ਐਸਾ ਹੀ ਰਿਸ਼ਤਾ ਹੈ ਜੋ ਸਕੇ ਭਰਾਵਾਂ ਨਾਲੋਂ ਵੀ ਵਧ ਸਾਧ ਸੰਗਤ ਨਾਲ ਹੈ । ਭਾਈ ਗੁਰਦਾਸ ਜੀ ਲਿਖਦੇ ਹਨ :—

ਅਸਨ, ਬਸਨ, ਧਨ ਧਾਮ, ਕਾਹੂ ਮੈ ਨ ਦੇਖਿਉ,
ਜੈਸੇ ਗੁਰਸਿਖ, ਸਾਧ ਸੰਗਤਿ ਕੋ ਨਾਤਾ ਹੈ ।

ਸਿਖੀ ਕੇਵਲ ਐਸੇ ਉਚੇ ਇਖ਼ਲਾਕ, ਆਪਾ ਤਿਆਗ, ਕੁਰਬਾਨੀ ਆਸਰੇ ਕਾਇਮ ਰਹੀ ਹੈ । ਸਿਖੀ



www.AKJ.Org

ਨਿਰੀ ਗਿਣਤੀ (Quantity) ਨਾਲ ਨਹੀਂ, ਉਚੇ ਇਖ਼ਲਾਕ ਤੇ ਸਿਖੀ ਸਦਾਚਾਰ (Quality) ਨਾਲ ਹੀ ਤਰੱਕੀ ਕਰ ਸਕਦੀ ਹੈ। ਕਈਆਂ ਦਾ ਵਿਚਾਰ ਹੈ ਕਿ ਸਾਡੇ ਵਿਚ ਪ੍ਰਚਾਰ ਦੀ ਘਾਟ ਹੈ ਤਾਂ ਹੀ ਗਿਰਾਵਟ ਆਈ ਹੈ। ਠੀਕ ਹੈ ਪਰਚਾਰ ਵੀ ਆਮਲ ਬਾ ਅਮਲਾਂ ਰਾਹੀਂ ਹੀ ਫ਼ਾਇਦਾ ਪਹੁੰਚਾ ਸਕਦਾ ਹੈ। ਜੋ ਲੋਗ ਸਿਨੇਮੇ ਫ਼ਿਲਮਾਂ ਰਾਹੀਂ ਪਰਚਾਰ ਦੇ ਇਛਕ ਹਨ ਉਹ ਭੁਲੇਖੇ ਵਿਚ ਹਨ ਕਿ ਇਸ ਤਰ੍ਹਾਂ ਸਿਖੀ ਦਾ ਕੁਝ ਪ੍ਰਚਾਰ ਕਰ ਲੈਣਗੇ। ਹਰਗਿਜ਼ ਨਹੀਂ, ਹਾਂ ਸਿਖ ਮਰਯਾਦਾ ਦੇ ਜੀਵਨ ਨੂੰ ਨੁਕਸਾਨ ਜ਼ਰੂਰ ਪਹੁੰਚਾ ਸਕਣਗੇ।

ਸਿੰਘ ਸਭਾ ਲਹਿਰ ਅਜ ਤੋਂ ਸੌ ਸਾਲ ਪਹਿਲੇ ਜਿਨ੍ਹਾਂ ਹਾਲਾਤ ਵਿਚ ਕਾਮਯਾਬ ਹੋਈ ਸੀ ਉਸ ਦਾ ਕਾਰਨ ਵੀ ਕੇਵਲ ਰਹਿਤਵਾਨ ਤੇ ਕਰਨੀ ਦੇ ਪੂਰੇ ਪ੍ਰਚਾਰਕ ਸਨ। ਉਸ ਵੇਲੇ ਨਾ ਏਨੇ ਗੁਰਦਵਾਰੇ ਸਨ, ਨਾ ਏਨੇ ਪਾਠ ਕੀਰਤਨ, ਕਥਾਂ ਆਦਿ ਹੁੰਦੇ ਸਨ। ਕਿਧਰੇ ਟਾਵੇਂ ਟਾਵੇਂ ਪਾਠ ਹੁੰਦੇ ਸਨ ਜਾਂ ਦੀਵਾਨ ਸਜਦੇ ਸਨ ਪਰ ਹਜ਼ਾਰਾਂ ਨਵੇਂ ਸਿੰਘ ਸਜਦੇ ਜਾ ਰਹੇ ਸਨ ਜੋ ਉਚੇ ਇਖ਼ਲਾਕ ਵਾਲੇ ਰਹਿਤ ਬਹਿਤ ਦੇ ਧਾਰਨੀ ਪ੍ਰਚਾਰਕਾਂ ਰਾਹੀਂ ਇਕ ਵੇਰ ਦੀ ਗੱਲ ਕਹੀ ਹੋਈ, ਅਸਰ ਕਰ ਜਾਂਦੀ ਸੀ। ਪਰ ਅਜ ਵੇਖੋ ਅਖੰਡ ਪਾਠਾਂ ਦੀਆਂ ਲੜੀਆਂ ਚਾਲੂ ਹਨ, ਰਾਗੀ ਜਥਿਆਂ ਨੂੰ ਦੀਵਾਨਾਂ ਵਿਚ ਟਾਈਮ ਵੰਡਣਾ ਔਖਾ ਹੈ, ਪ੍ਰਚਾਰਕਾਂ ਤੇ ਕਥਾ ਲੈਕਚਰ ਕਰਨ ਵਾਲੇ ਤਾਂ ਬੇਅੰਤ ਹੀ ਹਨ, ਗੁਰਪੁਰਬ ਤੇ ਦੀਵਾਨ ਭੀ ਬਹੁਤ ਹੁੰਦੇ ਹਨ ਪਰ ਹੁਣ ਨਵੇਂ ਸਿੰਘ ਘਟ ਹੀ ਸਜਦੇ ਹਨ, ਬਲਕਿ ਸਿਖ ਨੌਜਵਾਨ ਹੀ ਸਿਖੀ ਨੂੰ ਤਿਲਾਂਜਲੀ ਦੇ ਕੇ ਪਤਤ-ਪੁਣੇ ਦਾ ਸ਼ਿਕਾਰ ਹੁੰਦੇ ਜਾ ਰਹੇ ਹਨ। ਅਜ਼ ਗੁਰਦਵਾਰਿਆਂ ਦੀਆਂ ਬਿਲਡਿੰਗਾਂ ਤਾਂ ਸ਼ਾਨਦਾਰ ਹਨ ਪਰ ਸਿਖੀ ਤੇ ਸਤਿਸੰਗ ਨਹੀਂ। ਗੁਰਦਵਾਰਿਆਂ ਦੇ ਪ੍ਰਬੰਧਕ ਆਪ ਸਿਖ ਰਹਿਤ ਮਰਯਾਦਾ ਦੇ ਧਾਰਨੀ ਨਹੀਂ ਤਾਂ ਸੰਗਤਾਂ ਤੇ ਕੀ ਪ੍ਰਭਾਵ ਪਾ ਸਕਦੇ ਹਨ। ਕਈ ਗੁਰਦਵਾਰਿਆਂ ਦੇ ਪ੍ਰਬੰਧਕ ਮਾਇਆ ਜਾਂ ਧੜੇ ਦੇ ਜ਼ੋਰ ਨਾਲ ਪਰਧਾਨ ਆਦਿ ਬਣੇ ਹੁੰਦੇ ਹਨ ਤੇ ਹੋਰ ਵਿਵਰਜਤ ਕੁਕਰਮ ਵੀ ਕਰਦੇ ਸੁਣੇ ਜਾਂਦੇ ਹਨ।

ਅਜ ਲੋੜ ਆਗੂਆਂ ਨੂੰ ਸੁਧਾਰਨ ਦੀ ਹੈ। ਜੇਕਰ ਧਰਮ ਦੇ ਆਗੂ, ਗੁਰਦਵਾਰਿਆਂ ਦੇ ਪ੍ਰਬੰਧਕ ਗ੍ਰੰਥੀ ਰਾਗੀ ਪਰਚਾਰਕ ਉਚੇ ਆਚਰਨ ਵਾਲੇ ਤੇ ਪੂਰਨ ਗੁਰਸਿਖੀ ਦੇ ਧਾਰਨੀ ਹੋਣਗੇ ਤਾਂ ਹੀ ਸਿਖ ਨੌਜਵਾਨਾਂ ਨੂੰ ਠੀਕ ਪ੍ਰੇਰਨਾ ਮਿਲ ਸਕਦੀ ਹੈ। ਤੇ ਜੇਕਰ ਮਾਨ ਮਰਾਤਬਾ ਜਾਂ ਮਾਇਆ ਕਮਾਉਣ ਵਾਲੇ ਲੱਖਾਂ ਪਰਚਾਰਕ ਹੋਣ ਤਾਂ ਭੀ ਕਦੇ ਪਰਚਾਰ ਦਾ ਅਸਰ ਨਹੀਂ ਹੋ ਸਕਦਾ।

ਅਜ ਸਮਾਂ ਆ ਗਿਆ ਹੈ ਕਿ ਸਿਖ ਪੰਥ ਅੰਦਰ ਇਸ ਵੇਲੇ ਆ ਗਈਆਂ ਕਮਜ਼ੋਰੀਆਂ, ਕੁਰੀਤੀਆਂ ਤੇ ਰਹਿਤ ਮਰਯਾਦਾ ਵਲੋਂ ਢਿਲਿਆਈਆਂ ਵਲ ਜੇ ਧਿਆਨ ਨਾ ਦਿਤਾ ਗਿਆ ਤਾਂ ਇਸ ਦੇ ਨਤੀਜੇ ਬਹੁਤ ਹਾਨੀਕਾਰਕ ਹੋਣਗੇ। ਇਸ ਸਾਲ ਅਸੀਂ ਸਿੰਘ ਸਭਾ ਲਹਿਰ ਦੀ ਸ਼ਤਾਬਦੀ ਮਨਾ ਰਹੇ ਹਾਂ ਜੋ ਸਬੱਬ ਨਾਲ ਮੌਕਾ ਬਣ ਗਿਆ ਹੈ। ਜਿਵੇਂ ਸੌ ਸਾਲ ਪਹਿਲੇ ਇਹ ਲੋੜ ਪਰਤੀਤ ਕੀਤੀ ਗਈ ਸੀ ਤੇ ਸਿਖ ਮਰਜੀਵੜਿਆਂ ਨੇ ਹੰਭਲਾ ਮਾਰ ਕੇ ਸੁਧਾਰ ਕੀਤੇ ਸਨ ਤੇ ਪੰਥ ਅੰਦਰ ਨਵੇਂ ਸਿਰਿਓਂ ਸੇਵਾ ਰਹਿਤ ਮਰਯਾਦਾ, ਸਿਮਰਨ, ਤਿਆਗ ਤੇ ਕੁਰਬਾਨੀ ਦਾ ਉਤਸ਼ਾਹ ਜਾਗ ਪਿਆ ਸੀ ਤੇ ਪੰਥ ਦੀ ਸ਼ਾਨ ਚਮਕ ਉਠੀ ਸੀ। ਸੋ ਹੁਣ ਉਸ ਤੋਂ ਵੀ ਵਧੇਰੇ ਲੋੜ ਅਨੁਭਵ ਹੋ ਰਹੀ ਹੈ। ਉਸ ਵੇਲੇ ਪੰਥ ਉਪਰ ਕੇਵਲ ਬਾਹਰੋਂ ਹਮਲੇ ਹੋ ਰਹੇ ਸਨ, ਪਰ ਇਸ ਵੇਲੇ ਤਾਂ ਬਾਹਰੋਂ ਅੰਦਰੋਂ ਦੋਹਾਂ ਪਾਸਿਉਂ ਹਮਲੇ ਅਰੰਭ ਹੋ ਚੁੱਕੇ ਹਨ। ਬਹੁ-ਗਿਣਤੀ ਧਰਮ ਨਿਰਪੇਖਤਾ ਦੀ ਆੜ ਵਿਚ ਸਾਡੇ ਧਰਮ ਨੂੰ ਹੀ ਖ਼ਤਮ ਕਰਨ ਦੇ ਮਨਸੂਬੇ ਬਣਾ ਰਹੀ ਹੈ। ਹਰ ਚੜ੍ਹਦੇ ਸੂਰਜ ਨਵੀਂ ਤੋਂ ਨਵੀਂ ਸਕੀਮ ਰਾਹੀਂ ਸਿਖੀ ਨੂੰ ਕਮਜ਼ੋਰ ਕਰਨ ਦੇ ਇਰਾਦੇ ਹੋ ਰਹੇ ਹਨ। ਤੇ ਅੰਦਰੋ ਅੰਦਰ ਕੁਝ ਲਾਪਰਵਾਹੀ, ਖ਼ੁਦ-ਗਰਜ਼ੀ, ਮਾਇਆਵਾਦੀ ਰੁਚੀ ਤੇ ਕੁਝ ਅਨਮਤੀਆਂ ਤੇ ਬ੍ਰਾਹਮਣਵਾਦ ਦੇ ਪ੍ਰਭਾਵ ਕਾਰਨ ਇਹ ਘੁਣ ਵਾਂਗ ਅੰਦਰੋ ਅੰਦਰ ਕਮਜ਼ੋਰੀਆਂ ਖਾ ਰਹੀਆਂ ਹਨ। ਅਨਮਤੀ ਰੀਤਾਂ ਦੇ ਮਿਲਗੋਭੇ ਕਾਰਨ ਪੂਰਨ ਸਿਖ ਰਹਿਤ-ਮਰਯਾਦਾ ਦੇ ਗੌਰਵ ਤੋਂ ਅਨਜਾਣ ਹੋਣ ਕਾਰਨ ਸਿਖ ਨੌਜਵਾਨ ਸਿਖੀ ਤੋਂ ਮੂੰਹ ਮੋੜੀ ਜਾ ਰਹੇ ਹਨ।

ਸੋ ਪਿਆਰਿਓ! ਗੁਰਸਿਖੀ ਨਾਲ ਦਰਦ ਰਖਣ ਵਾਲਿਓ ਸਿੰਘੋ!! ਉਠੋ! ਵੇਲਾ ਸੰਭਾਲੋ!! ਤੇ ਇਕਠੇ ਹੋ ਕੇ ਇਨ੍ਹਾਂ ਹਮਲਿਆਂ ਦੇ ਮੁਕਾਬਲੇ ਲਈ ਡਟ ਜਾਉ!!

www.AKJ.Org

# ਯਾਸਾ ਦੀ ਪੜਚੋਲ

[ ਵਲੋਂ—ਸ: ਹਰਜੰਤ ਸਿੰਘ ਜੀ ਧਾਲੀਵਾਲ, ਲੰਡਨ ]

ਪਿਛਲੇ ਪਰਚੇ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਬਾਰੇ ਲੇਖ ਛਪਿਆ ਸੀ । ਉਸ ਵਿਚ ਦਰਜ ਸੀ ਕਿ ਜਹਾਂਗੀਰ ਨੇ ਆਪਣੀ ਲਿਖੀ ਪੁਸਤਕ 'ਤੁਜ਼ਕੇ ਜਹਾਂਗੀਰੀ' ਵਿਚ ਖ਼ੁਦ ਮੰਨਿਆ ਹੈ ਕਿ ਉਸ ਨੇ ਪੰਚਮ ਪਾਤਸ਼ਾਹ ਜੀ ਨੂੰ ਆਪ 'ਯਾਸਾ' ਵਿਧੀ ਅਨੁਸਾਰ ਸ਼ਹੀਦ ਕਰਨ ਦਾ ਹੁਕਮ ਦਿਤਾ ਸੀ । ਉਸ ਯਾਸਾ ਵਿਧੀ ਦੀ ਵਿਆਖਿਆ ਇਸ ਲੇਖ ਵਿਚ ਵੇਰਵੇ ਸਹਿਤ ਦਰਜ ਹੈ । [ਸੰਪਾਦਕ

ਸਾਡੇ ਸਾਹਮਣੇ ਆਈ ਹੈ ਤੁਜ਼ਕੇ ਜਹਾਂਗੀਰੀ ਭਾਵ ਜਹਾਂਗੀਰ ਦੀ ਆਪਣੀ ਜ਼ਿੰਦਗੀ ਦੇ ਹਾਲਾਤ, ਜੋ ਉਸ ਨੇ ਆਪ ਆਪਣੀ ਕਲਮ ਨਾਲ ਲਿਖੇ ਹਨ, ਜਿਸ ਵਿਚ ਉਹ ਆਪ ਮੰਨਦਾ ਹੈ ਕਿ "ਮੈਂ ਆਪ ਹੁਕਮ ਦਿਤਾ ਕਿ ਉਹ (ਅਰਜਨ) ਰਾਜਸੀ ਮੁਜਰਮ ਹੈ ਤੇ ਉਸ ਦੀ ਮੌਤ ਯਾਸਾ ਵਿਧੀ ਅਨੁਸਾਰ ਕੀਤੀ ਜਾਵੇ ।" ਆਓ ਹੁਣ ਇਸ ਯਾਸਾ ਵਿਧੀ ਨੂੰ ਵੇਖੀਏ —

ਚੰਗੇਜ਼ ਖਾਂ, ਜਿਸ ਦਾ ਅਸਲੀ ਨਾਂ ਤੈਮਚੂੰਨ ਸੀ, ਮੰਗੋਲ ਕਬੀਲੇ ਦਾ ਸਰਦਾਰ ਸੀ । ਹੌਲੀ ਹੌਲੀ ਉਸ ਨੇ ਉਦਾਲੇ ਪੁਦਾਲੇ ਦੇ ਕਬੀਲਿਆਂ ਨੂੰ ਭੀ ਜਿਤ ਲਿਆ । ਇਸ ਨੇ ਆਪਣਾ ਅਸਰ ਤਤਾਰੀ ਕੌਮ ਤੇ ਭੀ ਪਾ ਲਿਆ । ਇਸ ਦਾ ਸਿੱਟਾ ਇਹ ਹੋਇਆ ਕਿ ਚੰਗੇਜ਼ ਖ਼ਾਂ ਨੇ ਸਭ ਨੂੰ ਨਾਲ ਮਿਲਾ ਕੇ ਆਪ ਉਨ੍ਹਾਂ ਦਾ ਖ਼ਾਕਾਨ ਭਾਵ ਸਿਰਮੌਰ ਸ਼ਹਿਨਸ਼ਾਹ ਬਣ ਬੈਠਾ। ਇਹ ੧੧੬੨ ਸੰਨ ਈਸਵੀ ਵਿਚ ਪੈਦਾ ਹੋਇਆ ਤੇ ੧੨੨੭ ਈਸਵੀ ਵਿਚ ਮਰਿਆ । ਇਹ ਦੁਨੀਆ ਦਾ ਬਹੁਤ ਹੀ ਵਡਾ ਫ਼ਾਤਹ, ਮੁਦੱਬਰ ਤੇ ਬਲਵਾਨ ਹੁਕਮਰਾਨ ਹੋਇਆ ਹੈ । ਇਸ ਦੀ ਮੌਤ ਤੋਂ ਪਹਿਲਾਂ ਇਸ ਦੀ ਹਕੂਮਤ ਦੀਆਂ ਹੱਦਾਂ ਇਕ ਪਾਸੇ ਚੀਨ ਦੇ ਸਮੁੰਦਰ ਨੂੰ ਛੋਹਦੀਆਂ ਸਨ, ਦੂਸਰੇ ਪਾਸੇ ਰੂਸ ਦੇ ਦਰਿਆ ਰਿਪਰ ਨੂੰ, ਤੀਜੀ ਬਾਹੀ ਦਰਿਆ ਸਿੰਧ ਤੇ ਚੌਥੀ ਬਾਹੀ ਓਰਲ ਦੇ ਪਹਾੜ, ਜਿਹੜੇ ਕਿ ਮਧ ਯੋਰਪ ਵਿਚ ਹਨ, ਤਕ ਸੀ ।

ਚੰਗੇਜ਼ ਖ਼ਾਂ ਨੇ ੧੨੦੬ ਈਸਵੀ ਵਿਚ ਇਕ ਵਿਧਾਨ ਸਭਾ ਬਣਾਈ ਤੇ ਉਹ ਵਿਧਾਨ ਸਭਾ ਪੂਰੇ ਬਾਰ੍ਹਾਂ ਸਾਲ ਵਿਧਾਨ ਘੜਦੀ ਰਹੀ । ਉਹ ਘੜਿਆ ਹੋਇਆ ਵਿਧਾਨ ੧੨੧੮ ਈਸਵੀ ਵਿਚ ਸਾਰੀ ਬਾਦਸ਼ਾਹਤ ਵਿਚ ਲਾਗੂ ਕਰ ਦਿਤਾ ਗਿਆ । ਇਸ ਵਿਧਾਨ ਦਾ ਬਹੁਤ ਸਾਰਾ ਹਿੱਸਾ ਪੁਰਾਣੀਆਂ ਮੰਗੋਲ ਰਸਮਾਂ, ਪ੍ਰੰਪਰਾ ਧਾਰਾਂ ਚੀਨੀ ਸਭਯਤਾ ਵਿਚੋਂ ਲੈ ਕੇ ਤੇ ਹੋਰ ਨਵੀਆਂ ਧਾਰਾਂ ਪਾ ਕੇ ਤਿਆਰ ਕੀਤਾ ਗਿਆ ਸੀ । ਇਸ ਸਾਰੇ ਮਿਲ-ਗੋਭੇ ਨੂੰ, ਜਿਸ ਨੂੰ ਕਿ ਚੰਗੇਜ਼ ਖ਼ਾਂ ਨੇ ਤਿਆਰ ਕਰਵਾਇਆ ਸੀ, ਬਲੀਕ ਕਹਿੰਦੇ ਸਨ ਤੇ ਇਸ ਦੇ ਕਾਨੂੰਨਾਂ ਦਾ ਸਿਰਲੇਖ ਯਾਸਾ ਸੀ। ਬਲੀਕ ਦੇ ਅਰਥ ਹਨ ਕਿਸੇ ਕਾਨੂੰਨ ਦੀ ਬੁਨਿਆਦ (Fundemental Principles of Mangol Laws )। ਇਸ ਦੇ ਵਿਧਾਨ ਦਾ ਜੋ ਖਿਲਾਰ ਤੇ ਪਸਾਰਾ ਸੀ, ਉਸ ਵਿਚੋਂ ਅਜ ਦੇ ਕਾਨੂੰਨਾਂ ਬਾਰੇ ਪਤਾ ਲਗਦਾ ਹੈ: ਇਕ ਬਲੀਕ ਤੇ ਦੂਜਾ ਯਾਸਾ ।

ਜਦ ਅਸੀਂ ਬਲੀਕ ਬਾਰੇ ਪੜ੍ਹਦੇ ਹਾਂ ਤਾਂ ਉਸ ਦੇ ਵਿਚ ਚੰਗੇਜ਼ ਖ਼ਾਂ ਯਾਸਾ ਦਾ ਵਰਨਣ ਕਰਦਾ ਹੈ । ਜਿਹੜੇ ਲੋਕ ਮੈਨੂੰ ਸਰਕਾਰ ਦਾ ਕਰਤਾ ਧਰਤਾ ਤੇ ਸਿਰਮੌਰ ਸਮਝਦੇ ਹੋਏ ਮੇਰੇ ਕਾਨੂੰਨਾਂ ਤੇ ਨਾ ਚਲਣਗੇ, ਭਾਵੇਂ ਉਹ ਭੀ ਕਿਸੇ ਕਬੀਲੇ ਦੇ ਸਰਦਾਰ ਹੀ ਹੋਣ, ਮੈਂ ਉਹਨਾਂ ਵਾਸਤੇ ਯਾਸਾ ਦਾ ਕਾਨੂੰਨ ਬਣਾਇਆ ਹੈ । ਤੇ ਉਹ ਸਰਦਾਰ ਕਸੂਰਵਾਰ ਹੋਣ



www.AKJ.Org

ਕਰਕੇ ਯਾਸਾ ਵਿਧੀ ਅਨੁਸਾਰ ਸਜ਼ਾ ਭੁਗਤਣਗੇ। ਜੇਕਰ ਮੈਂ ਅਜ ਬਾਦਸ਼ਾਹੀ ਵਿਚ ਢਿਲ ਵਰਤਾਂ, ਤਾਂ ਸਾਰੀ ਬਾਦਸ਼ਾਹੀ ਵਿਚ ਹਿਲਜੁਲ ਮਚ ਜਾਵੇਗੀ, ਇਸ ਦੀਆਂ ਨੀਹਾਂ ਖੋਖਲੀਆਂ ਹੋ ਜਾਣਗੀਆਂ ਤੇ ਐਨੀ ਕਮਜ਼ੋਰ ਹੋ ਜਾਵੇਗੀ ਕਿ ਬਾਹਰਲੇ ਥੋੜੇ ਜਿਹੇ ਹਲੂਣੇ ਨਾਲ ਡਿਗ ਪਵੇਗੀ। ਉਸ ਵਕਤ ਮੇਰੇ ਬਾਅਦ ਬਣੇ ਹੋਏ ਸਿਰਮੌਰ ਮੈਨੂੰ ਯਾਦ ਕਰਨਗੇ ਕਿ ਜੇਕਰ ਅਜ ਚੰਗੇਜ਼ ਖ਼ਾਂ ਹੁੰਦਾ ਤਾਂ ਬਾਦਸ਼ਾਹੀ ਨਾ ਜਾਂਦੀ। ਪਰ ਮੈਂ ਉਸ ਵਕਤ ਇਸ ਦੁਨੀਆ ਵਿਚ ਨਹੀਂ ਹੋਵਾਂਗਾ, ਇਸ ਕਰਕੇ ਇਹ ਸਖ਼ਤ ਤੇ ਜ਼ਾਲਮਾਨਾ ਵਿਧਾਨ ਘੜਿਆ ਹੈ।

ਅਰਬੀ ਦਾ ਤਵਾਰੀਖ਼ਦਾਨ ਮਕਰੀਜ਼ੀ ਲਿਖਦਾ ਹੈ ਕਿ ਜਦੋਂ ਮੰਗੋਲਾਂ ਨੇ ਇਸਲਾਮ ਨੂੰ ਧਾਰਨ ਕਰ ਲਿਆ ਤਾਂ ਉਹਨਾਂ ਨੇ ਸ਼ਰੀਅਤ ਨੂੰ ਆਪਣੇ ਮੰਗੋਲ ਰਿਵਾਜਾਂ ਅਨੁਸਾਰ ਢਾਲ ਕੇ ਬਦਲ ਦਿਤਾ। ਆਮ ਮਜ਼ਬੀ ਮਾਮਲਿਆਂ ਵਿਚ ਉਹ ਵਡੇ ਕਾਜ਼ੀ ਦੀ ਸਲਾਹ ਲੈਂਦੇ ਸਨ, ਪਰ ਕੋਈ ਖ਼ਾਸ ਘਰੇਲੂ ਮਾਮਲਾ ਹੋਵੇ, ਜਾਂ ਕਿਸੇ ਕਬੀਲੇ ਦੀ ਭਲਾਈ ਦਾ ਸੁਆਲ ਹੋਵੇ ਜਾਂ ਕੋਈ ਅੰਦਰੋਂ ਬਾਹਰੋਂ ਸਰਕਾਰ ਨੂੰ ਉਲਟਾਉਣ ਦੀ ਕੋਸ਼ਿਸ਼ ਕਰੇ ਤਾਂ ਉਸ ਵਕਤ ਚੰਗੇਜ਼ ਖ਼ਾਂ ਦੇ ਬਣਾਏ ਯਾਸਾ ਕਾਨੂੰਨ ਅਨੁਸਾਰ ਚਲਦੇ ਸਨ। ਇਸ ਯਾਸਾ ਵਿਧੀ ਦਾ ਹੁਕਮ ਦੇਣ ਲਈ ਇਕ ਖ਼ਾਸ ਸਰਦਾਰ ਮੁਕੱਰਰ ਕੀਤਾ ਜਾਂਦਾ ਸੀ, ਜਿਹੜਾ ਕਿ ਦੋਸ਼ੀ ਨੂੰ ਮਾਰਨ ਲਈ ਖ਼ਾਸ ਢੰਗ ਦਸ ਸਕੇ।

ਜਦੋਂ ਚੰਗੇਜ਼ ਖ਼ਾਂ ਨੇ ਮੁਸਲਮਾਨ ਬਾਦਸ਼ਾਹ ਮੁਹੰਮਦ ਸ਼ਾਹ ਨੂੰ ਸੀਸਤਾਨ ਤੇ ਕਾਬਲ ਚੋਂ ਹਾਰ ਦੇ ਕੇ ਬੁਰੀ ਤਰ੍ਹਾਂ ਦਰਿਆ ਸਿੰਧ ਵਲ ਭਜਾ ਦਿਤਾ, ਉਸ ਵਕਤ ਇਕ ਦਰਬਾਰੀ ਕਵੀ ਅਮੀਰ ਖ਼ੁਸਰੋ ਬਾਦਸ਼ਾਹ ਦਾ ਬੜਾ ਪਿਆਰਾ ਕਵੀ ਸੀ। ਉਸ ਨੂੰ ਭੀ ਉਥੋਂ ਨਿਕਲਣਾ ਪਿਆ। ਇਹ ਅਮੀਰ ਖ਼ੁਸਰੋ ਦਿਲੀ ਪਹੁੰਚ ਗਿਆ ਤੇ ਗਿਆਸੁਦੀਨ ਬਲਬਨ ਦਾ ਦਰਬਾਰੀ ਬਣ ਗਿਆ, ਜਿਹੜਾ ਕਿ ੧੨੬੬ ਈਸਵੀ ਤੋਂ ੧੨੮੭ ਈਸਵੀ ਤਕ ਦਿਲੀ ਦਾ ਬਾਦਸ਼ਾਹ ਰਿਹਾ ਹੈ। ਇਸ ਅਮੀਰ ਖ਼ੁਸਰੋ ਨੇ ਮੰਗੋਲਾਂ ਬਾਰੇ ਕਾਫ਼ੀ ਕੁਝ ਲਿਖਿਆ ਹੈ।

ਜਦੋਂ ਸੁਲਤਾਨ ਨੇ ਕੁਝ ਮੰਗੋਲਾਂ ਨੂੰ ਪਕੜਿਆ ਸੀ ਤਾਂ ਉਹਨਾਂ ਦੀ ਡਰਾਉਣੀ ਡੀਲ-ਡੌਲ ਦੇਖ ਕੇ ਕਿਹਾ ਸੀ ਕਿ ਇਹ ਲੋਕ ਨਰਕ ਦੀ ਅੱਗ ਵਿਚੋਂ ਪੈਦਾ ਹੋਏ ਹਨ। ਜਿਹੋ ਜਿਹੀ ਇਹਨਾਂ ਦੀ ਸ਼ਕਲ ਡਰਾਉਣੀ ਹੈ ਉਹੋ ਜਿਹੇ ਇਹਨਾਂ ਦੇ ਬੇਰਹਿਮਾਨਾ ਕਾਨੂੰਨ ਹਨ, ਜਿਨ੍ਹਾਂ ਵਿਚੋਂ ਇਕ ਇਹ ਦਿਲ ਪਾੜ ਦੇਣ ਵਾਲਾ ਯਾਸਾ ਹੈ।

ਇਸ ਤੋਂ ਪਹਿਲਾਂ ਜਦ ਮੰਗੋਲਾਂ ਨੇ ਇਸਲਾਮ ਧਾਰਨ ਕੀਤਾ, ਉਹ ਸ਼ਾਮਾਨੀ ਧਰਮ ਨੂੰ ਮੰਨਦੇ ਸਨ। ਜਿਸ ਦੇ ਮੰਨਣ ਵਾਲੇ ਅਜੇ ਭੀ ਰੂਸ ਦੇ ਇਕ ਸੂਬਾ ਸਾਏਬੇਰੀਆ ਵਿਚ ਮਿਲਦੇ ਹਨ। ਸ਼ਾਮਾਨ ਧਰਮ ਦੇ ਮੰਨਣ ਵਾਲੇ ਦੇਵ, ਭੂਤ, ਪਰੀਆਂ, ਦਰੱਖ਼ਤਾਂ ਤੇ ਅਸਮਾਨ ਦੇ ਪੁਜਾਰੀ ਹਨ। ਉਹਨਾਂ ਦੇ ਪ੍ਰਚਾਰਕਾਂ ਨੂੰ ਬਿਕੀ ਕਹਿੰਦੇ ਹਨ। ਇਹ ਹੋ ਸਕਦਾ ਹੈ ਕਿ ਇਹ ਸ਼ਬਦ ਉਹੋ ਹੀ ਬੋਧੀ ਸ਼ਬਦ ਭਿਕਸ਼ੂ ਤੋਂ ਵਿਗੜ ਕੇ ਬਿਕੀ ਬਣਿਆ ਹੋਵੇ, ਕਿਉਂਕਿ ਬਾਰ੍ਹਵੀਂ ਸਦੀ ਮਹਾਨ ਵਿਚ ਬੁੱਧ ਧਰਮ ਮੰਗੋਲੀਆ ਵਿਚ ਫੈਲ ਚੁੱਕਾ ਸੀ। ਇਸ ਦੀ ਪ੍ਰੋੜ੍ਹਤਾ ਤੇਰ੍ਹਵੀਂ ਸਦੀ ਵਿਚ ਡੱਚ ਮਿਸ਼ਨਰੀ ਦਾ ਪਾਦਰੀ ਭੀ ਕਰਦਾ ਹੈ ਕਿ ਮੰਗੋਲੀਆ ਵਿਚ ਬੁੱਧ ਧਰਮ ਪੂਰੀ ਤਰ੍ਹਾਂ ਘੁਸ ਚੁਕਾ ਹੈ। ਇਸ ਤੋਂ ਇਹ ਸਾਬਤ ਹੁੰਦਾ ਹੈ ਕਿ ਮੰਗੋਲ ਸ਼ਬਦ ਬਿਕੀ, ਪਾਲੀ ਬੋਲੀ ਦੇ ਸ਼ਬਦ ਭਿਖੂ ਵਿਚੋਂ ਹੈ, ਜਿਹੜਾ ਕਿ ਸੰਸਕ੍ਰਿਤ ਸ਼ਬਦ ਭਿਖਸ਼ੂ 'ਚੋਂ ਨਿਕਲਿਆ ਹੈ, ਜਿਸ ਦੇ ਅਸਲੀ ਅਰਥ ਹਨ ਕਿਸੇ ਧਰਮ ਜਾਂ ਚੀਜ਼ ਨੂੰ ਜਾਨਣ ਵਾਲਾ ਗਿਆਤਾ। ਇਸ ਕਰਕੇ ਬਿਕੀ ਦੇ ਸਹੀ ਅਰਥ ਪਵਿੱਤਰ ਰੂਹਾਨੀ ਪੁਰਸ਼ ਅਥਵਾ ਪੂਰਨ ਸਾਧ ਸੰਤ ਦੇ ਹਨ।

ਮੰਗੋਲਾਂ ਦਾ ਅਸਲੀ ਵਿਸ਼ਵਾਸ ਸੀ ਕਿ ਇਹ ਬਿਕੀ ਮਰ ਕੇ ਦੇਵਤੇ ਜਾਂ ਭੂਤ ਬਣਦੇ ਹਨ, ਜੋ ਕਿ ਮੰਗੋਲਾਂ ਨੂੰ ਫ਼ਾਇਦਾ ਭੀ ਤੇ ਨੁਕਸਾਨ ਭੀ ਪਹੁੰਚਾ ਸਕਦੇ ਹਨ। ਮੰਗੋਲਾਂ ਦੇ ਵਿਸ਼ਵਾਸ ਅਨੁਸਾਰ ਜੇਕਰ ਕਿਸੇ ਬਿਕੀ ਦਾ ਖ਼ੂਨ ਜ਼ਮੀਨ ਤੇ ਡਿਗ ਪਵੇ ਤਾਂ ਇਹ ਬਿਕੀ ਮਰ ਕੇ, ਜਿਸ ਕਬੀਲੇ ਦਾ ਉਹ ਬਿਕੀ ਸੀ, ਉਸ ਨੂੰ ਨਾ-ਸਹਾਰਨ ਵਾਲੇ ਕਸ਼ਟ ਦੇਵੇਗਾ ਤੇ ਹੋਰ ਭੀ ਕਈ ਕਿਸਮ ਦੇ ਜਾਨੀ ਤੇ ਮਾਲੀ ਨੁਕਸਾਨ



www.AKJ.Org

ਪਹੁੰਚਾਏਗਾ।

ਚੰਗੇਜ਼ ਖ਼ਾਂ ਦੇ ਇਸ ਯਾਸਾ ਕਾਨੂੰਨ ਦੀਆਂ ਦੋ ਵਰਨਣ ਯੋਗ ਘਟਨਾਵਾਂ ਲਿਖਤੀ ਤੌਰ ਤੇ ਮਿਲਦੀਆਂ ਹਨ। ਇਕ ਚੰਗੇਜ਼ ਖ਼ਾਂ ਨੇ ਖ਼ੁਦ ਤੇ ਇਕ ਉਸ ਦੇ ਜਰਨੈਲ ਮੁਖ਼ਾਲੀ ਖ਼ਾਂ ਨੇ ਵਰਤੋਂ ਵਿਚ ਲਿਆਂਦੀਆਂ। ਇਕ ਘਟਨਾ ਵਿਚ ਇਕ ਬਿਕੀ ਨੂੰ ਜੀਊਂਦੇ ਹੀ ਉਬਾਲ ਕੇ ਉਸ ਦਾ ਅੰਤ ਕੀਤਾ ਗਿਆ। ਦੂਜੀ ਘਟਨਾ ਵਿਚ ਇਕ ਬਿਕੀ ਦੇ ਹੱਥ ਤੇ ਪੈਰ ਬੰਨ੍ਹ ਕੇ ਦਰਿਆ ਦੇ ਐਨ ਡੂੰਘੇ ਪਾਣੀ ਵਿਚ ਸੁਟਿਆ ਗਿਆ, ਜਿਥੇ ਕਿ ਲਹਿਰਾਂ ਬਹੁਤ ਹੀ ਜ਼ੋਰਦਾਰ ਸਨ। ਇਸ ਤਰ੍ਹਾਂ ਪਵਿੱਤਰ ਬਿਕੀਆਂ ਨੂੰ ਮਾਰਨ ਦਾ ਇਹ ਵਿਸ਼ਵਾਸ ਸੀ ਕਿ ਉਹਨਾਂ ਦਾ ਪਵਿੱਤਰ ਖ਼ੂਨ ਜ਼ਮੀਨ ਤੇ ਨਾ ਡਿਗੇ ਤੇ ਨਾ ਹੀ ਉਹਨਾਂ ਦੇ ਸਰੀਰ ਚੋਂ ਖ਼ੂਨ ਨਿਕਲੇ, ਤਾਂਕਿ ਉਹ ਬਿਕੀ ਮਰਨ ਤੋਂ ਬਾਅਦ ਭੂਤ ਬਣ ਕੇ ਵਾਪਸ ਨਾ ਮੁੜ ਆਉਣ ਤੇ ਉਨ੍ਹਾਂ ਦੇ ਕਬੀਲੇ ਨੂੰ ਦੁਖ ਨਾ ਦੇਣ।

ਇਹਦੇ ਵਿਚ ਹੁਣ ਕੋਈ ਸੰਦੇਹ ਨਹੀਂ ਰਹਿ ਜਾਂਦਾ ਕਿ ਇਹ ਕਾਨੂੰਨ ਜਿਸ ਦਾ ਨਾਮ ਯਾਸਾ ਸੀ, ਵਰਤਿਆ ਜਾਂਦਾ ਸੀ ਕਿਸੇ ਮਜ਼ਬੀ ਆਗੂ, ਮੌਲਵੀ ਜਾਂ ਕਿਸੇ ਬਹੁਤ ਹੀ ਵਡੀ ਰੂਹਾਨੀ ਤਾਕਤ ਰਖਣ ਵਾਲੇ ਸੰਤ ਲਈ। ਜੇਕਰ ਅਜਿਹਾ ਸਮਾਂ ਆ ਜਾਂਦਾ ਹੈ ਤੇ ਹੋਰ ਕੋਈ ਚਾਰਾ ਨਹੀਂ ਰਹਿ ਜਾਂਦਾ ਕਿ ਕੋਈ ਬਿਕੀ ਜਾਂ ਬਿਕੀ ਦੇ ਦਰਜੇ ਦੇ ਬਰਾਬਰ ਦੇ ਪੁਰਸ਼ ਨੂੰ ਮੌਤ ਦੇ ਘਾਟ ਉਤਾਰਨਾ ਹੈ, ਜਦੋਂ ਕਿ ਉਸ ਦੀਆਂ ਹਰਕਤਾਂ ਨਿਰੋਲ ਹੀ ਰਾਜਨੀਤਕ ਤੇ ਹਕੂਮਤ ਦੇ ਕੰਮਾਂ ਵਿਚ ਰੁਕਾਵਟ ਪਾਉਂਦੀਆਂ ਹੋਣ ਤੇ ਹਾਲਤ ਐਥੋਂ ਤੱਕ ਗੰਭੀਰ ਹੋ ਗਈ ਹੋਵੇ ਕਿ ਬਿਕੀ ਨੂੰ ਮਾਰੇ ਬਿਨਾਂ ਹਕੂਮਤ ਦਾ ਕ਼ਾਇਮ ਰਹਿਣਾ ਬਹੁਤ ਹੀ ਮੁਸ਼ਕਲ ਹੈ ਤਾਂ ਹਕੂਮਤ ਦੀ ਬਿਹਤਰੀ ਤੇ ਬਚਾਉ ਇਸੇ ਵਿਚ ਹੈ ਕਿ ਇਸ ਬਿਕੀ ਨੂੰ ਖ਼ਤਮ ਕਰ ਦਿਤਾ ਜਾਵੇ। ਉਸ ਬਿਕੀ ਦੀ ਮੌਤ ਜ਼ਮੀਨ ਤੇ ਖ਼ੂਨ ਡੋਲ੍ਹੇ ਬਗ਼ੈਰ, ਪਾਣੀ ਵਿਚ ਉਬਾਲ ਕੇ ਜਾਂ ਕਿਸੇ ਹੋਰ ਤ੍ਰੀਕੇ ਨਾਲ ਤਸੀਹੇ ਦੇ ਕੇ ਕੀਤੀ ਜਾਂਦੀ ਸੀ।

ਇਸ ਅਸਲੀਅਤ ਦੀ ਪੜਚੋਲ ਦੇ ਸਿਟੇ ਵਜੋਂ ਇਹ ਹੁਣ ਸਾਫ਼ ਹੋ ਗਿਆ ਕਿ ਜਿਹੜੀ ਸਜ਼ਾ ਜਹਾਂਗੀਰ ਨੇ ਗੁਰੂ ਅਰਜਨ ਦੇਵ ਜੀ ਨੂੰ ਦਿਤੀ ਉਹ ਯਾਸਾ ਕਾਨੂੰਨ ਦੀ ਵਿਧੀ ਅਨੁਸਾਰ ਸੀ। ਇਕ ਤਾਂ ਇਹ ਕਿ ਗੁਰੂ ਅਰਜਨ ਦੇਵ ਜੀ ਦੇ ਕਸੂਰ ਐਨੇ ਗੰਭੀਰ ਤੇ ਅਸਰਦਾਇਕ ਸਨ, ਜੋ ਜਹਾਂਗੀਰ ਦੀ ਹਕੂਮਤ ਵਿਚ ਸਿਧੀ ਦਖ਼ਲ-ਅੰਦਾਜ਼ੀ ਸੀ। ਜਹਾਂਗੀਰ ਸਮਝਦਾ ਸੀ ਕਿ ਗੁਰੂ ਦੀ ਮੌਜੂਦਗੀ ਹੁਣ ਉਸ ਦੀ ਹਕੂਮਤ ਨੂੰ ਖ਼ਤਰਾ ਬਣ ਕੇ ਸਾਹਮਣੇ ਆ ਗਈ ਹੈ।

ਦੂਜਾ ਰੂਹਾਨੀਅਤ ਤੌਰ ਤੇ ਗੁਰੂ ਜੀ ਦਾ ਦਰਜਾ ਬਹੁਤ ਉੱਚਾ ਸੀ। ਇਸ ਕਰਕੇ ਉਹ ਡਰਦਾ ਸੀ ਕਿ ਜੇਕਰ ਉਹਨਾਂ ਨੂੰ ਹੋਰ ਕੋਈ ਸਜ਼ਾ ਦਿਤੀ ਤੇ ਖ਼ੂਨ ਡੁਲ੍ਹ ਗਿਆ ਤਾਂ ਉਸ ਦੀ ਹਕੂਮਤ ਲਈ ਭਿਆਨਕ ਖ਼ਤਰਾ ਹੋਵੇਗਾ। ਇਹ ਦੋ ਚੀਜ਼ਾਂ ਮੁਖ ਰਖ ਕੇ ਉਸ ਨੇ ਹੁਕਮ ਦਿਤਾ ਕਿ ਗੁਰੂ ਅਰਜਨ ਦੇਵ ਜੀ ਨੂੰ ਜੀਊਂਦੇ ਪਾਣੀ ਵਿਚ ਉਬਾਲ ਕੇ, ਤੱਤੀ ਤਵੀ ਤੇ ਬਿਠਾ ਕੇ, ਅਤੇ ਆਖ਼ਰ ਉਹਨਾਂ ਦੇ ਸਰੀਰ ਨੂੰ ਦਰਿਆ ਰਾਵੀ ਦੇ ਡੂੰਘੇ ਪਾਣੀ ਵਿਚ ਸੁੱਟ ਦਿਤਾ ਜਾਵੇ, ਜਿਹੜਾ ਕਿ ਠੀਕ ਇਵੇਂ ਹੀ ਕੀਤਾ ਗਿਆ। ਅਤੇ ਹੁਣ ਇਹ ਭੁਲੇਖਾ ਉੱਕਾ ਹੀ ਨਹੀਂ ਰਹਿੰਦਾ ਕਿ ਗਊ ਦੀ ਖੱਲ ਤੋਂ ਡਰ ਕੇ ਉਹਨਾਂ ਰਾਵੀ ਤੇ ਇਸ਼ਨਾਨ ਕਰਨ ਦੀ ਆਗਿਆ ਮੰਗੀ ਤੇ ਉੱਥੇ ਚੁੱਭਾ ਮਾਰ ਕੇ ਅਲੋਪ ਹੋ ਗਏ।

ਇਹ ਯਾਸਾ ਵਿਧੀ ਦੇ ਸੱਚੇ ਤੇ ਸਹੀ ਅਰਥ ਹਨ ਜਿਹੜੇ ਕਿ ਸ਼ਾਹੀ ਹੁਕਮ ਅਨੁਸਾਰ ਗੁਰੂ ਸਾਹਿਬ ਤੇ ਲਾਗੂ ਕੀਤੇ ਗਏ। ਜਿਨ੍ਹਾਂ ਦੇ ਆਖ਼ਰੀ ਸ਼ਬਦ ਹਨ 'ਬਾ ਸਿਆਸਤ ਵਾ ਬਾ ਯਾਸਾ ਰਸਾਨੰਦ।'*

---

*ਅਰਥ:—ਡਰਾ ਧਮਕਾ ਕੇ ਯਾਸਾ ਵਿਧੀ ਅਨੁਸਾਰ ਜਾਨੋਂ ਮਾਰ ਦਿਤਾ ਜਾਵੇ।

●

**ਇਹੁ ਜਗੁ ਧੂਏ ਕਾ ਪਹਾਰ॥**
**ਤੈ ਸਾਚਾ ਮਾਨਿਆ ਕਿਹ ਬਿਚਾਰਿ॥**



www.AKJ.Org

# ਕੀ ਇਹ ਧਰਮ ਪ੍ਰਚਾਰ ਹੈ ?

[ਵਲੋਂ :— ਸ: ਹਰਬੰਸ ਸਿੰਘ ਜੀ ਲਾਇਲਪੁਰੀ, ਐਡੀਟਰ ਗੁਰਮਤਿ ਵਿਚਾਰ ਪੱਤ੍ਰਕਾ, ਜਲੰਧਰ]

ਦੇਸ਼ ਭਰ ਵਿਚ ਸਿਖ ਧਰਮ ਦਾ ਪ੍ਰਚਾਰ ਕਰਨ ਲਈ ਅਨੇਕਾਂ ਗੁਰਦੁਆਰੇ ਅਤੇ ਧਾਰਮਕ ਸੰਸਥਾਵਾਂ, ਜਥੇ ਤੇ ਸੁਸਾਇਟੀਆਂ ਅਖਬਾਰਾਂ ਤੇ ਮਾਸਕ ਪਤਰ ਹਨ ਜਿਨ੍ਹਾਂ ਦੀ ਗਿਣਤੀ ਦਾ ਅੰਦਾਜ਼ਾ ਹੀ ਨਹੀਂ ਲਗ ਸਕਦਾ। ਇੰਨੇ ਰਾਗੀ ਪ੍ਰਚਾਰਕ ਹਨ ਜੋ ਦੇਸ਼ ਪ੍ਰਦੇਸ ਵਿਚ ਧਰਮ ਪ੍ਰਚਾਰ ਕਰ ਰਹੇ ਹਨ । ਪਰ ਇਸ ਦੇ ਬਾਵਜੂਦ ਸਭ ਪਾਸੇ ਤੋਂ ਇਹੋ ਹੀ ਆਵਾਜ਼ ਆ ਰਹੀ ਹੈ ਕਿ ਸਿਖ ਸਰੂਪ ਨੂੰ ਬਚਾਓ । ਕਿਉਂਕਿ ਪੰਜਾਬ ਦੇ ਪਿੰਡਾਂ ਵਿਚ ਜਿਥੇ ਸਿਖ ਅਬਾਦੀ ਦਾ ਵਧੇਰੇ ਹਿਸਾ ਵਸਦਾ ਹੈ, ਉਹਨਾਂ ਪਿੰਡਾਂ ਦੀ ਹਾਲਤ ਵੇਖ ਕੇ ਇਹੋ ਪ੍ਰਤੀਤ ਹੁੰਦਾ ਹੈ ਕਿ ਸਿਖ ਸਰੂਪ ਸਚ ਮੁਚ ਹੀ ਖ਼ਤਮ ਹੋ ਰਿਹਾ ਹੈ । ਸ਼ਹਿਰਾਂ ਵਿਚ ਵਸਦੇ ਸਿੱਖ ਭਾਵੇਂ ਸਰੂਪ ਕਰਕੇ ਸਿੱਖ ਨਜ਼ਰ ਆਉਂਦੇ ਹਨ, ਪਰ ਧਰਮ ਦੇ ਅਸੂਲਾਂ ਦੀ ਕਸਵੱਟੀ ਤੇ ਪਰਖ ਕੀਤੀ ਜਾਏ ਤਾਂ ਕਈ ਪ੍ਰਕਾਰ ਦੀਆਂ ਤਰੁਟੀਆਂ ਮਿਲਣਗੀਆਂ। ਜਿਨ੍ਹਾਂ ਨੂੰ ਵੇਖ ਕੇ ਇਹ ਸੁਤੇ ਸਿਧ ਮੂੰਹੋਂ ਨਿਕਲ ਜਾਂਦਾ ਹੈ ਕਿ ਦਸਮ ਪਾਤਸ਼ਾਹ ਦੀ ਬਖਸ਼ੀ ਹੋਈ ਸਿਖੀ ਮੁਕ ਰਹੀ ਹੈ। ਇਸੇ ਖਤਰੇ ਨੂੰ ਅਨੁਭਵ ਕਰ ਕੇ ਕਈ ਹੋਰ ਨਵੀਆਂ ਜਥੇਬੰਦੀਆਂ ਧਰਮ ਪ੍ਰਚਾਰ ਕਰਨ ਲਈ ਮੈਦਾਨ ਵਿਚ ਨਿਤਰ ਆਈਆਂ ਹਨ। ਇਨ੍ਹਾਂ ਵਿਚੋਂ (ਸ਼੍ਰੋਮਣੀ ਕਮੇਟੀ ਤੇ ਚੀਫ ਖਾਲਸਾ ਦੀਵਾਨ ਤਾਂ ਧਰਮ ਪ੍ਰਚਾਰ ਵਿਚ ਫੇਲ੍ਹ ਹੋ ਚੁਕੇ ਹਨ) ਹੁਣ ਸਿੰਘ ਸਭਾ ਸ਼ਤਾਬਦੀ ਕਮੇਟੀ ਅਗੇ ਆਈ ਹੈ। ਜਿਸ ਦੇ ਕਈ ਸਮਾਗਮ ਹੋ ਚੁਕੇ ਹਨ ਤੇ ਕਈ ਪ੍ਰੋਗਰਾਮ ਉਲੀਕੇ ਗਏ ਹਨ । ਪਰ ਸਭ ਤੋਂ ਵੱਡੇ ਦੁੱਖ ਦੀ ਗੱਲ ਹੈ ਕਿ ਇਸ ਦੇ ਆਗੂਆਂ ਵਿਚ ਵਡੀ ਗਿਣਤੀ ਉਹਨਾਂ ਸਜਨਾਂ ਦੀ ਹੀ ਹੈ, ਜਿਹਨਾਂ ਦੇ ਕਿਰਦਾਰ ਦੇ ਕਾਰਨ ਸਿਖ ਧਰਮ ਵਿਚ ਧਾਰਮਕ ਕਮਜ਼ੋਰੀਆਂ ਨੇ ਪ੍ਰਵੇਸ਼ ਕੀਤਾ ਹੈ । ਇਹ ਸਜਨ ਕਥਨੀ ਦੇ ਯੋਧੇ ਤੇ ਕਲਮ ਦੇ ਧਨੀ ਜ਼ਰੂਰ ਹਨ, ਪਰ ਅਮਲੀ ਤੌਰ ਤੇ ਉਹਨਾਂ ਦਾ ਜੀਵਨ ਸਿਖੀ ਅਸੂਲਾਂ ਵਾਲਾ ਨਹੀਂ । ਇਸ ਲਈ ਇਤਨੇ ਵਡੇ ਸਮਾਗਮ-ਇਕੱਠ ਕਰ ਕੇ ਭੀ ਕੌਮ ਨੂੰ ਕੋਈ ਸੇਧ ਨਹੀਂ ਦੇ ਸਕੇ ।

ਪੁਰਾਤਨ ਸਿੰਘ ਸਭਾ ਦੇ ਆਗੂਆਂ ਨੇ ਆਪਣੀ ਕਰਨੀ ਨਾਲ ਹੀ ਖਾਲਸੇ ਨੂੰ ਬ੍ਰਾਹਮਣ ਵਾਦਿ ਵਿਚੋਂ ਕੱਢ ਕੇ 'ਜਬ ਲਗ ਰਹੇ ਖਾਲਸਾ ਨਿਆਰਾ' ਦਾ ਪ੍ਰਤਖ ਸਬੂਤ ਵਿਖਾ ਦਿਤਾ ਸੀ,ਪਰ ਅਜ ਦੀ ਸਿੰਘ ਸਭਾ ਸ਼ਤਾਬਦੀ ਕਮੇਟੀ ਨੇ ਹਿੰਦੂ ਲੀਹਾਂ ਤੇ ਧਰਮ ਪ੍ਰਚਾਰ ਕਰਨ ਲਈ ਨਾਟਕ ਡਰਾਮੇ ਤੇ ਫਿਲਮਾਂ ਦਾ ਸਹਾਰਾ ਲਿਆ ਹੈ। ਥਾਂ ਥਾਂ ਧਾਰਮਕ ਪ੍ਰੋਗਰਾਮ ਦੇ ਨਾਲ ਮਨੋਰੰਜਨ ਦੇ ਸਾਧਨ ਵੀ ਵਰਤਣੇ, ਨਾਟਕ ਵਿਖਾਣੇ ਸ਼ੁਰੂ ਕਰ ਦਿਤੇ ਹਨ ਤਾਕਿ ਲੋਕ ਇਕੱਠੇ ਕੀਤੇ ਜਾ ਸਕਣ। ਸਭ ਤੋਂ ਪਹਿਲੇ ਸ਼੍ਰੋਮਣੀ ਕਮੇਟੀ ਤੇ ਚੀਫ਼ ਖ਼ਾਲਸਾ ਦੀਵਾਨ ਸਵਾਂਗਾਂ ਦੇ ਖੱਡੇ ਵਿਚ ਡਿਗੇ ਸਨ, ਹੁਣ ਸਿੰਘ ਸਭਾ ਸ਼ਤਾਬਦੀ ਇਸ਼ ਗੰਦੇ ਖੱਡ ਵਿਚ ਡਿਗ ਪਈ ਹੈ । ਮਹਾਨ ਪਵਿਤਰ ਅਸਥਾਨ ਤਖਤ ਸ੍ਰੀ ਕੇਸ ਗੜ੍ਹ ਅਨੰਦ ਪੁਰ ਸਾਹਿਬ ਵਿਚ ਵਿਸਾਖੀ ਦੇ ਸਮਾਗਮ ਤੇ ਵੀ ਡਰਾਮੇ ਰਚਾਏ ਗਏ ਤੇ ਸਿਖ ਜਨਤਾ ਨੂੰ ਪਖੰਡੀ ਸਵਾਂਗ ਧਾਰੀ ਲੋਕਾਂ ਰਾਹੀਂ ਧਰਮੀ ਤੇ ਸਿਖ ਬਨਣ ਦੀ ਪ੍ਰੇਰਨਾ ਦਿਤੀ ਗਈ। ਜਿਸ ਕੌਮ ਦੇ ਲੀਡਰ ਆਪਣੇ ਅਸੂਲਾਂ ਤੋਂ ਡਿਗ ਕੇ ਧਰਮ ਪ੍ਰਚਾਰ ਦਾ ਬੁਰਕਾ ਪਾ ਕੇ ਭਾਵੇਂ ਕਿੰਨੇ ਨਵੇਂ ਢੰਗ ਅਪਣਾ ਲੈਣ, ਅਜ ਦੀ ਜਨਤਾ ਉਨ੍ਹਾਂ ਨੂੰ ਚੰਗੀ ਤਰ੍ਹਾਂ ਪਛਾਣ ਲੈਂਦੀ ਹੈ। ਲੋੜ ਹੈ ਪੁਰਾਤਨ ਮਰਯਾਦਾ ਅਨੁਸਾਰ ਕਰਨੀ ਵਾਲੇ ਗੁਰਸਿਖਾਂ ਰਾਹੀਂ ਧਰਮ ਪ੍ਰਚਾਰ ਕਰਨ ਦੀ । ਸਵਾਂਗਾਂ, ਨਾਟਕਾਂ, ਫਿਲਮਾਂ ਰਾਹੀਂ ਸਿਖੀ ਨੇ ਕਦੇ ਪ੍ਰਫੁਲਤ ਨਹੀਂ ਹੋਣਾ, ਭਾਵੇਂ ਲਖ ਅਡੰਬਰ ਰਚਾ ਲਵੋ। ਇਹ ਧਰਮ ਦਾ ਨਹੀਂ ਸਗੋਂ ਫਿਲਮਾਂ ਦਾ ਪ੍ਰਚਾਰ ਹੈ।

## ਸੂਰਾ ਮਾਸਕ ਪੱਤਰ ਨੂੰ ਸਹਾਇਤਾ

ਸ: ਸੁਰਿੰਦਰ ਸਿੰਘ ਜੀ ਕਾਨਪੁਰ ਵਲੋਂ ਆਪਣੇ ਭਰਾਤਾ ਸ: ਗੁਰਚਰਨ ਸਿੰਘ ਜੀ ਦੇ ਵਿਵਾਹ ਦੀ ਖ਼ੁਸ਼ੀ ਵਿਚ ੧੧-੦੦

ਸ: ਪੂਰਨ ਸਿੰਘ ਜੀ ਜਲੰਧਰ ਵਲੋਂ ਭੁਜੰਗੀ ਮਨਜੀਤ ਸਿੰਘ ਦੇ ਨਾਮ-ਸੰਸਕਾਰ ਤੇ ਦਸਤਾਰ-ਬੰਦੀ ਸਮੇਂ, ਸ੍ਰੀ ਅਖੰਡਪਾਠ ਦੇ ਭੋਗ ਉਪਰੰਤ ਧਰਮ ਕਾਰਜਾਂ ਦੀ ਮਾਇਆ ਵਿਚੋਂ ੫-੦੦



www.AKJ.Org

# ਅਜ਼ਾਦ ਭਾਰਤ ਵਿਚ ਕਿਰਪਾਨ ਤੇ ਪਾਬੰਦੀ

ਬੜੇ ਅਫ਼ਸੋਸ ਦੀ ਗੱਲ ਹੈ ਕਿ ਆਪਣਾ ਮੁਲਕ ਹੋਵੇ, ਆਪਣੀ ਹਕੂਮਤ ਹੋਵੇ ਤੇ ਆਪਣਿਆਂ ਵਲੋਂ ਹੀ ਧਾਰਮਕ ਚਿੰਨ੍ਹਾਂ ਤੇ ਪਾਬੰਦੀ ਲਾਈ ਜਾਵੇ ਅਤੇ ਰੁਕਾਵਟਾਂ ਖੜੀਆਂ ਕੀਤੀਆਂ ਜਾਣ ।

ਪਰਦੇਸਾਂ ਨੂੰ ਜਾਣ ਵਾਲੇ ਵੀਰਾਂ ਵਲੋਂ ਸੂਚਨਾ ਮਿਲ ਰਹੀ ਹੈ ਕਿ ਹਵਾਈ ਅੱਡਾ ਬੰਬਈ ਦੇ ਕਰਮਚਾਰੀ, ਸਫਰ ਕਰਨ ਵਾਲੇ ਸਿਖ ਯਾਤਰੂਆਂ ਨੂੰ ਗਾਤਰੇ ਕਿਰਪਾਨ ਪਹਿਰ ਕੇ ਹਵਾਈ ਸਫਰ ਕਰਨ ਤੋਂ ਰੋਕਦੇ ਹਨ ਤੇ ਪ੍ਰੇਸ਼ਾਨ ਕਰਦੇ ਹਨ । ਅਤੇ ਮਜਬੂਰ ਕਰਦੇ ਹਨ ਕਿ ਕਿਰਪਾਨ ਜਮ੍ਹਾ ਕਰਾਓ । ਕਈ ਢਿਲੜ ਸਜਣ ਤਾਂ ਕਿਰਪਾਨ ਜਮ੍ਹਾ ਕਰਾ ਵੀ ਦਿੰਦੇ ਹਨ, ਪਰ ਭੈ-ਭਾਵਨੀ ਵਾਲੇ ਰਹਿਤਵਾਨ ਸਿਖਾਂ ਵਾਸਤੇ ਮੁਸ਼ਕਲ ਬਣ ਜਾਂਦੀ ਹੈ। ਉਹ ਨਾ ਕਕਾਰ ਨੂੰ ਛਡ ਸਕਦੇ ਹਨ ਅਤੇ ਨਾ ਹੀ ਸਫ਼ਰ ਕਰਨ ਦੀ ਇਜਾਜ਼ਤ ਮਿਲਦੀ ਹੈ।

ਕਿਰਪਾਨ ਸਿਖ ਧਰਮ ਦੇ ਪੰਜ ਕਕਾਰਾਂ ਵਿਚੋਂ ਇਕ ਕਕਾਰ ਹੈ। ਪੰਜੇ ਕਕਾਰ ਹਰ ਸਮੇਂ ਸਿੰਘ ਦੇ ਸਰੀਰ ਦੇ ਸੰਗ ਸਾਥ ਰਖਣ ਦਾ ਗੁਰ-ਹੁਕਮ ਹੈ। ਇਹ ਕਕਾਰ ਕਿਸੇ ਸਮੇਂ ਵੀ ਸਰੀਰ ਤੋਂ ਜੁਦਾ ਕਰਨੇ ਮਨਮਤ ਤੇ ਢਿਲੜ-ਪੁਣਾ ਹੈ। ਨਿਰਾ ਢਿਲੜਪੁਣਾ ਹੀ ਨਹੀਂ, ਸਗੋਂ ਧਾਰਮਕ ਜੁਰਮ ਹੈ।

ਅੰਗਰੇਜ਼ ਰਾਜ ਦੇ ਸਮੇਂ ਜਦੋਂ ਭਾਰਤ ਗੁਲਾਮ ਸੀ ਓਦੋਂ ਸਿਖਾਂ ਨੇ ਕਿਰਪਾਨ ਦੀ ਅਜ਼ਾਦੀ ਕਾਇਮ ਰਖਣ ਖ਼ਾਤਰ ਕਈ ਮੋਰਚੇ ਲਾਏ, ਜੇਲ੍ਹਾਂ ਕਟੀਆਂ ਅਤੇ ਅਨੇਕਾਂ ਦੁਖੜੇ ਸਹਾਰ ਕੇ ਇਸ ਦੀ ਅਜ਼ਾਦੀ ਕਾਇਮ ਰਖੀ। ਪਰ ਅਜ ਆਪਣੇ ਅਜ਼ਾਦ ਭਾਰਤ ਵਿਚ ਹੁਣ ਕਿਰਪਾਨ ਉਤੇ ਅਜਿਹੀ ਪਾਬੰਦੀ ਕਿਉਂ ? ਕੀ ਹਵਾਈ ਕੰਪਨੀਆਂ ਵਾਲੇ ਸਿਖੀ ਅਸੂਲਾਂ ਨੂੰ ਨਹੀਂ ਜਾਣਦੇ ? ਜੇ ਉਹ ਜਾਣ ਬੁਝ ਕੇ ਅਜਿਹਾ ਕਰਦੇ ਹਨ ਤਾਂ ਉਹ ਆਪਣੀ ਤੰਗ-ਦਿਲੀ ਦਾ ਸਬੂਤ ਦਿੰਦੇ ਹਨ ਅਤੇ ਖ਼ਾਹ-ਮਖ਼ਾਹ ਸਿਖ-ਜਗਤ ਵਿਚ ਰੋਸ ਦੀ ਲਹਿਰ ਫੈਲਾਉਂਦੇ ਹਨ।

ਅਸੀਂ ਭਾਰਤ ਸਰਕਾਰ ਪਾਸ ਪੁਰ-ਜ਼ੋਰ ਬਿਨੈ ਕਰਦੇ ਹਾਂ ਕਿ ਇਸ ਪਾਸੇ ਉਚੇਚਾ ਧਿਆਨ ਦੇਵੇ ਅਤੇ ਹਵਾਈ ਕੰਪਨੀਆਂ ਨੂੰ ਹਦਾਇਤ ਕਰੇ ਕਿ ਚੂੰਕਿ ਇਹ ਸਿਖਾਂ ਦਾ ਧਾਰਮਕ ਅੰਗ ਹੈ ਇਸ ਲਈ ਸਿਖ ਮੁਸਾਫ਼ਰਾਂ ਨੂੰ ਕਿਰਪਾਨ ਗਾਤਰੇ ਪਾਕੇ ਸਫ਼ਰ ਕਰਨ ਤੋਂ ਰੋਕਿਆ ਨਾ ਜਾਵੇ।

ਨਾਲ ਹੀ ਅਸੀਂ ਸਿਖ ਸੰਸਥਾਵਾਂ, ਸ਼੍ਰੋਮਣੀ ਗੁਰਦਵਾਰਾ ਪਰਬੰਧਕ ਕਮੇਟੀ, ਚੀਫ਼ ਖ਼ਾਲਸਾ ਦੀਵਾਨ, ਸਿੰਘ ਸਭਾ ਸ਼ਤਾਬਦੀ ਕਮੇਟੀ ਅਤੇ ਸਿਖ ਐਮ.ਪੀਜ਼ ਨੂੰ ਅਪੀਲ ਕਰਦੇ ਹਾਂ ਕਿ ਹਵਾਈ ਸਫ਼ਰ ਕਰਨ ਵਾਲੇ ਸਿਖ ਯਾਤਰੂਆਂ ਤੇ ਲਾਈ ਹੋਈ ਇਸ ਪਾਬੰਦੀ ਨੂੰ ਦੂਰ ਕਰਨ ਲਈ ਫ਼ੌਰੀ ਕਾਰਵਾਈ ਕਰਨ, ਤਾਕਿ ਪਰਦੇਸੀ ਵੀਰਾਂ ਦੇ ਤੋਖਲੇ ਦੂਰ ਹੋਣ।

●

# ਗੁਰਦੁਆਰਾ ਪਲਾਹੀ ਸਾਹਿਬ (ਫਗਵਾੜਾ) ਵਿਖੇ ਕੀਰਤਨ ਪ੍ਰੋਗਰਾਮ

ਸਮੂਹ ਸੰਗਤਾਂ ਨੂੰ ਬਿਨੈ ਹੈ ਕਿ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਦੇ ਪਵਿਤਰ-ਅਸਥਾਨ ਗੁਰਦੁਆਰਾ ਪਲਾਹੀ ਸਾਹਿਬ ਵਿਖੇ ੮ ਜੂਨ ੧੯੭੪ ਸ਼ਨੀਵਾਰ ਰਾਤ ਨੂੰ ਰੈਣ-ਸਬਾਈ ਕੀਰਤਨ ਤੇ ਅੰਮ੍ਰਿਤ-ਸੰਚਾਰ ਸਮਾਗਮ ਹੋ ਰਹੇ ਹਨ। ਗੁਰੂ ਕੇ ਪਿਆਰੇ ਤੇ ਕੀਰਤਨ-ਰਸੀਏ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ। ਪਲਾਹੀ ਸਾਹਿਬ ਫਗਵਾੜਾ ਤੋਂ ਡੇਢ ਮੀਲ ਹੈ ਅਤੇ ਬਸ-ਸਟੈਂਡ ਤੋਂ ਟਾਂਗਾ ਟੈਂਪੂ ਹਰ ਵਕਤ ਮਿਲ ਸਕਦੇ ਹਨ।

ਪ੍ਰਾਰਥਕ—ਅਖੰਡ ਕੀਰਤਨੀ ਜੱਥਾ, ਫਗਵਾੜਾ

ਪੁਛ-ਗਿਛ ਲਈ—ਭਾਈ ਕਰਤਾਰ ਸਿੰਘ ਗੁਰਦੀਪ ਸਿੰਘ ਬਨੈਨਾਂ ਵਾਲੇ, ਗਾਂਧੀ ਚੌਂਕ, ਫਗਵਾੜਾ



www.AKJ.Org

# ਪ੍ਰੇਮ-ਪਟੋਲਾ

## ਗੁਰਮਤਿ ਦੇ ਪਰਦੇ ਹੇਠ ਮਨਮਤੀ ਰਿਵਾਜ

[ਵਲੋਂ—ਸ: ਦੀਦਾਰ ਸਿੰਘ ਜੀ ਰੋਪੜ]

ਇਕ ਪਿੰਡ ਦੇ ਗੁਰਦੁਆਰੇ ਵਿਚ ਜਦ ਅਖੰਡ ਪਾਠ ਸਾਹਿਬ ਦਾ ਭੋਗ ਪਿਆ ਤਾਂ ਪਾਠੀ ਸਿੰਘ ਨੇ ਨਵਾਂ ਰੁਮਾਲਾ ਮਹਾਰਾਜ ਦੀ ਦੇਹ ਉਪਰ ਪਾਉਣ ਲਈ 'ਪ੍ਰੇਮ ਪਟੋਲਾ ਤੈ ਸਹਿ ਦਿਤਾ' ਪੜ੍ਹਨਾ ਸ਼ੁਰੂ ਕੀਤਾ। ਨੇੜੇ ਬੈਠੇ ਚਾਰ ਸਿਖਾਂ ਨੇ ਝਟ-ਪਟ ਰੁਮਾਲ ਦੀਆਂ ਚਾਰ ਨੁਕਰਾਂ ਫੜ ਲਈਆਂ ਤੇ ਉਸਨੂੰ ਮਹਾਰਾਜ ਸ੍ਰੀ ਗੁਰੂ ਗਰੰਥ ਸਾਹਿਬ ਉਪਰ ਤਾਣ ਲਿਆ।

ਜਦ ਸਾਰੀ ਸੰਗਤ ਤੇ ਪਾਠੀ ਸਿੰਘ ਇਹ ਸਾਰਾ ਸਲੋਕ ਪੜ੍ਹ ਚੁਕੇ, ਉਹ ਰੁਮਾਲਾ ਮਹਾਰਾਜ ਉਪਰ ਪਾ ਦਿਤਾ ਗਿਆ।

ਇਸ ਪਿੰਡ ਦੀ ਸੰਗਤ ਦਾ ਇਹ 'ਨਵਾਂ ਨਾਟਕੀ ਨਜ਼ਾਰਾ', ਜਿਸ ਦੀ ਅਗਵਾਈ ਪੰਜ ਅਖੰਡ ਪਾਠੀ ਕਰ ਰਹੇ ਸਨ, ਵੇਖ ਵੇਖ ਕੇ ਜਿਥੇ ਬੜੀ ਹੈਰਾਨਗੀ ਆ ਰਹੀ ਸੀ ਉਥੇ ਗੁਰੂ ਰੂਪ ਗੁਰਬਾਣੀ ਦੇ ਅਰਥ-ਭਾਵਾਂ ਨੂੰ ਨਾ ਸਮਝਣ ਕਾਰਨ ਇਤਨੀ ਬੇਅਦਬੀ ਹੁੰਦੀ ਸਹਾਰੀ ਨਹੀਂ ਸੀ ਜਾ ਰਹੀ।

ਭੋਗ ਉਪ੍ਰੰਤ ਰੁਮਾਲਾ ਚੜ੍ਹਾਉਣ ਸਮੇਂ ਇਹ ਸਲੋਕ ਅਗੇ ਪਿੰਡਾਂ ਵਿਚ ਆਮ ਪੜ੍ਹਿਆ ਜਾਂਦਾ ਸੀ। ਪਰ ਹੁਣ ਸ਼ਹਿਰਾਂ ਵਿਚ ਵੀ ਆਮ ਪੜ੍ਹਿਆ ਜਾਣ ਲਗ ਪਿਆ ਹੈ। ਇਹ ਗ਼ਲਤ ਰਿਵਾਜ ਇਤਨਾ ਪਕਦਾ ਜਾ ਰਿਹਾ ਹੈ ਕਿ ਜੇ ਕਿਧਰੇ ਭੁਲ ਭੁਲੇਖੇ ਭੋਗ ਵੇਲੇ ਭਾਈ ਜੀ ਇਹ ਪੜ੍ਹਨ 'ਚ ਦੇਰੀ ਕਰ ਦੇਣ ਜਾਂ ਪੜ੍ਹਨਾ ਭੁਲ ਜਾਣ ਤਾਂ ਕੋਈ ਮਾਈ ਜਾਂ ਭਾਈ ਕੋਲੋਂ ਝਟ ਕਹਿ ਦੇਵੇਗਾ "ਭਾਈ ਜੀ! ਪ੍ਰੇਮ ਪਟੋਲਾ ਪੜ੍ਹ ਲਉ।"

ਭਾਈ ਜੀ ਬਿਨਾਂ ਸੋਚੇ ਸਮਝੇ ਪੜ੍ਹਨਾ ਸ਼ੁਰੂ ਕਰ ਦਿੰਦੇ ਹਨ। ਉਨ੍ਹਾਂ ਨੂੰ ਮਨਮਤ ਜਾਂ ਗੁਰਮਤ ਦਾ ਕੋਈ ਖਿਆਲ ਨਹੀਂ ਹੁੰਦਾ। ਉਨ੍ਹਾਂ ਨੂੰ ਖਿਆਲ ਹੁੰਦਾ ਹੈ ਕਿ ਜਿਸ ਤਰ੍ਹਾਂ ਲੋਕ ਤੇ ਪ੍ਰਬੰਧਕ ਖੁਸ਼ ਹੋਣ ਉਸੇ ਤਰ੍ਹਾਂ ਕੀਤਾ ਜਾਏ। ਜਿਸ ਕਰਕੇ ਉਨ੍ਹਾਂ ਦੀ ਪੇਟ ਪੂਜਾ ਦਾ ਸਾਧਨ ਬਣਿਆ ਰਹੇ।

ਪ੍ਰੇਮ ਪਟੋਲੇ ਵਾਲਾ ਇਹ ਸਲੋਕ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਸਫਾ ੫੨੦ ਉਤੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਉਚਾਰਿਆ ਇਸ ਤਰ੍ਹਾਂ ਦਰਜ ਹੈ :—

ਪ੍ਰੇਮ ਪਟੋਲਾ ਤੈ ਸਹਿ ਦਿਤਾ, ਢਕਣ ਕੂ ਪਤਿ ਮੇਰੀ ॥
ਦਾਨਾ ਬੀਨਾ ਸਾਈ ਮੈਡਾ, ਨਾਨਕ ਸਾਰ ਨ ਜਾਣਾ ਤੇਰੀ ॥

ਅਰਥ:—ਹੇ ਵਾਹਿਗੁਰੂ ! ਤੂੰ ਦਾਨਾ (ਸਿਆਣਾ, ਬੜੀ ਸੂਝ ਬੂਝ ਵਾਲਾ) ਹੈਂ। ਤੂੰ ਬੀਨਾ (ਵੇਖਣ ਵਾਲਾ, ਸਾਡੇ ਦਿਲਾਂ ਦੀ ਜਾਣਨ ਵਾਲਾ) ਹੈਂ। ਮੇਰਾ (ਸਾਈਂ) ਮਾਲਕ ਹੈਂ। (ਨਾਨਕ) ਅਸੀਂ ਤੇਰੀ ਸਾਰ (ਕਦਰ) ਨਹੀਂ ਜਾਣਦੇ। ਤੇਰਾ ਅੰਤ ਨਹੀਂ ਪਾ ਸਕਦੇ।

ਅਸੀਂ ਭੁਲਣਹਾਰ, ਬੇਅੰਤ ਗਲਤੀਆਂ ਕਰਦੇ ਹਾਂ। (ਤੈ ਸਹਿ) ਤੂੰ ਮਾਲਕ ਬਖਸ਼ਣਹਾਰ ਹੋਣ ਕਰਕੇ ਆਪਣੇ ਬਖਸ਼ਸ਼ ਵਾਲੇ ਸੁਭਾਉ ਅਨੁਸਾਰ ਪਿਆਰ ਦੇ ਕਪੜੇ (ਪ੍ਰੇਮ ਪਟੋਲਾ) ਨਾਲ ਮੇਰੀ ਪਤਿ (ਇਜ਼ਤ) ਢਕ ਦੇਂਦਾ ਹੈਂ। ਇਜ਼ਤ ਰਖ ਲੈਂਦਾ ਹੈਂ। ਭਾਵ ਸਾਡੀਆਂ ਗਲਤੀਆਂ ਵਲ ਨ ਵੇਖਦਾ ਹੋਇਆ ਸਾਡੀ ਰਖਿਆ ਕਰੀ ਜਾਂਦਾ ਹੈਂ, ਸਾਡੇ ਤੇ ਮਿਹਰ ਕਰੀ ਜਾਂਦਾ ਹੈਂ।

ਹੁਣ ਦਸੋ। ਇਨ੍ਹਾਂ ਅਰਥਾਂ ਵਾਲੇ ਸਲੋਕ ਦਾ ਰੁਮਾਲਾ ਚੜ੍ਹਾਉਣ ਨਾਲ ਕੀ ਸੰਬੰਧ ਹੈ ?

ਰੁਮਾਲਾ ਚੜ੍ਹਾਉਣ ਸਮੇਂ ਇਸ ਸਲੋਕ ਦੇ ਪੜ੍ਹਨ ਜਾਂ ਇਸ ਤਰੀਕੇ ਤੋਂ ਤਾਂ ਇਹ ਮਤਲਬ ਹੋਇਆ ਕਿ ਅਸੀਂ ਗੁਰੂ ਸਾਹਿਬ ਦੇ ਮਾਲਕ ਹੋਏ ਤੇ ਰੁਮਾਲਾ ਚੜ੍ਹਾ ਕੇ ਅਸੀਂ ਉਨ੍ਹਾਂ ਦੀ ਪਤ ਢਕ ਰਹੇ ਹਾਂ। ਜੇ ਇਹੋ ਸੱਚ ਹੈ ਤਾਂ ਕਿਤਨੀ ਘਟੀਆ ਤੇ ਕਮੀਨੀ ਸੋਚ ਹੈ ! ਕਿਤਨਾ ਪਾਪ ਹੈ !!

ਜੇ ਇਹ ਖਿਆਲ ਹੈ ਕਿ ਅਸੀਂ ਰੁਮਾਲਾ ਚੜ੍ਹਾ ਕੇ ਜਿਸ ਤਰ੍ਹਾਂ ਗੁਰੂ ਸਾਹਿਬ ਨੂੰ ਢਕ ਰਹੇ ਹਾਂ ਉਸੇ ਤਰ੍ਹਾਂ ਗੁਰੂ ਸਾਹਿਬ ਸਾਡੀ ਇਜ਼ਤ ਢਕਣ, ਤਾਂ ਇਹ ਵੀ ਅਰਥਾਂ ਦਾ ਅਨਰਥ ਹੈ, ਜੋ ਕਿ ਮਹਾਨ ਪਾਪ ਹੈ। ਸੋ ਇਸ ਤਰ੍ਹਾਂ ਬਿਲਕੁਲ ਨਹੀਂ ਪੜ੍ਹਨਾ ਚਾਹੀਦਾ।

ਦਰਅਸਲ ਗੁਰਦੁਵਾਰੇ ਸਿਖੀ ਜੀਵਨ ਦੀ ਜਾਚ ਦਸਣ ਲਈ ਬਣਾਏ ਗਏ ਸਨ। ਪਰ ਬੁਰਾ ਹੋਵੇ ਧੜੇਬੰਦੀ ਅਤੇ ਚੌਧਰ ਦੀ ਭੁਖ ਦਾ, ਜਿਸ ਕਾਰਨ ਗੁਰਦਵਾਰਿਆਂ ਦੇ ਬਹੁਤੇ ਪ੍ਰਬੰਧਕ ਐਸੇ ਬਣ ਗਏ ਹਨ ਜਿਨ੍ਹਾਂ ਨੂੰ ਸਿਖੀ ਰਹਿਤ ਮਰਯਾਦਾ ਦਾ ੳ ਅ ਵੀ ਨਹੀਂ ਆਉਂਦਾ।

ਜਦ ਪ੍ਰਬੰਧਕਾਂ ਨੂੰ ਹੀ ਧਰਮ ਦਾ ਕੁਝ ਪਤਾ ਨਹੀਂ ਤਾਂ ਉਨ੍ਹਾਂ ਦੇ ਰਖੇ ਹੋਏ ਗਰੰਥੀ ਤੇ ਪ੍ਰਚਾਰਕਾਂ ਨੂੰ ਖੁਲ੍ਹੀਆਂ ਛੁਟੀਆਂ ਹਨ। ਉਹ ਮਨ ਮਰਜ਼ੀਆਂ (ਮਨ ਮਤ) ਕਰੀ ਜਾਂਦੇ ਹਨ।

www.AKJ.Org

ਦਰਅਸਲ ਇਨ੍ਹਾਂ ਗਰੰਥੀਆਂ, ਪ੍ਰਚਾਰਕਾਂ ਤੇ ਪ੍ਰਬੰਧਕਾਂ ਨੇ ਹੀ ਆਪਣੇ ਆਪਣੇ ਇਲਾਕੇ ਦੀਆਂ ਸੰਗਤਾਂ ਵਿਚ ਗੁਰਮਤਿ ਦਾ ਠੀਕ ਰਸਤਾ ਦਸਣਾ ਸੀ, ਪਰ ਇਨ੍ਹਾਂ ਨੂੰ ਕੀ ਲੋੜ ਪਈ ਹੈ ਜੁ ਗੁਰਮਤਿ ਦੀ ਖੋਜ ਕਰਨ ਜਾਂ ਖੋਜ ਹੋਏ ਗਰੰਥਾਂ ਨੂੰ ਪੜ੍ਹਨ ? ਜਦ ਕਿ ਇਨ੍ਹਾਂ ਤੋਂ ਬਗੈਰ ਵੀ ਇਨ੍ਹਾਂ ਦਾ ਕੰਮ ਚਲ ਰਿਹਾ ਹੈ। ਕੋਈ ਪੁਛਣ ਵਾਲਾ ਜੁ ਨਹੀਂ।

ਇਹੋ ਕਾਰਨ ਹੈ ਕਿ ਕਿਸੇ ਇਕ ਥਾਂ ਪਾਠ ਦੇ ਭੋਗ ਮਗਰੋਂ ੫ ਪੌੜੀਆਂ, ਕਿਸੇ ਦੂਜੀ ਥਾਂ ਪੂਰਾ ਜਪੁਜੀ ਸਾਹਿਬ ਅਤੇ ਕਿਸੇ ਹੋਰ ਥਾਂ ਤੇ ਪੂਰਾ ਜਪੁਜੀ ਸਾਹਿਬ ਤੇ ਪੂਰਾ ਅਨੰਦ ਸਾਹਿਬ (੪੦ ਪੌੜੀਆਂ) ਪੜ੍ਹੀਆਂ ਜਾਂਦੀਆਂ ਹਨ।

ਇਸ ਤਰ੍ਹਾਂ ਕਿਸੇ ਇਕ ਗੁਰਦੁਆਰੇ 'ਚ ਪੰਜ ਪਿਆਰਿਆਂ ਦਾ ਹਿਸਾ ਪਹਿਲਾਂ ਕਢਿਆ ਜਾਂਦਾ ਹੈ ਤਾਂ ਦੂਜੇ ਵਿਚ ਨਾਲ ਲਗਦਾ ਛੇਵਾਂ ਹਿਸਾ ਪਾਠੀ ਦਾ ਵੀ ਅਤੇ ਤੀਜੀ ਥਾਂ ਸਤਵਾਂ ਹਿਸਾ ਖਵਾਜੇ ਪੀਰ ਦਾ ਵੀ ਕਢ ਕੇ ਖੂਹ ਵਿਚ ਪਵਾਇਆ ਜਾਂਦਾ ਹੈ।

ਇਸ ਤਰ੍ਹਾਂ ਹੋਰ ਗਲਤ ਗੱਲਾਂ ਵੀ ਬਹੁਤ ਹੋ ਰਹੀਆਂ ਹਨ। ਜਿਸ ਤਰ੍ਹਾਂ ਬਾਹਰਲੇ ਤੌਰ ਤੇ ਸਿਖੀ ਸ਼ਕਲ-ਸੂਰਤ ਨੂੰ ਵਿਗਾੜਿਆ ਜਾ ਰਿਹਾ ਹੈ ਉਸੇ ਤਰ੍ਹਾਂ ਸਾਡੀ ਮਰਿਆਦਾ ਨੂੰ ਵੀ ਮਰੋੜ ਤਰੋੜ ਕੇ ਸਾਨੂੰ ਗੁਰਮਤਿ ਗਾਡੀ-ਰਾਹ ਤੋਂ ਲਾਂਭੇ ਕੀਤਾ ਜਾ ਰਿਹਾ ਹੈ।

ਗੁਰਸਿਖੀ ਦਾ ਦਰਦ ਰਖਣ ਵਾਲਿਆਂ ਨੂੰ ਇਸ ਪਾਸੇ ਵੀ ਕੁਝ ਧਿਆਨ ਦੇਣਾ ਚਾਹੀਦਾ ਹੈ।

## ਅਮਰੀਕਨ ਸਿਖ ਫ਼ੌਜੀ ਕੇਸ ਤੇ ਪਗੜੀ ਰਖ ਸਕਣਗੇ

ਵਾਸ਼ਿੰਗਟਨ ੮ ਮਈ : "ਆਰਮੀ ਟਾਈਮਜ਼" ਵਿਚ ਛਪੀ ਇਕ ਰਿਪੋਰਟ ਅਨੁਸਾਰ, ਅਮਰੀਕੀ ਫ਼ੌਜ ਨੇ ਯੂਨੀ-ਫ਼ਾਰਮ ਸੰਬੰਧੀ ਨਿਯਮਾਂ ਵਿਚ ਤਬਦੀਲੀ ਕਰ ਕੇ ਸਿਖ ਫ਼ੌਜੀਆਂ ਨੂੰ ਵਖਰੇ ਪਹਿਰਾਵੇ ਦੀ ਆਗਿਆ ਦੇ ਦਿਤੀ ਹੈ।

ਰਿਪੋਰਟ ਅਨੁਸਾਰ ਕੋਈ ਫ਼ੌਜੀ ਜੋ ਸਿਖ ਹੋਣ ਦਾ ਦਾਅਵਾ ਕਰੇਗਾ, ਉਸ ਨੂੰ ੩੦ ਦਿਨ ਦੀ ਮੁਹਲਤ ਦਿਤੀ ਜਾਵੇਗੀ ਕਿ ਉਹ ਆਪਣੀ ਪੰਥ ਦੀ ਨੀਤੀ ਬਣਾਉਣ ਵਾਲੀ ਜਥੇਬੰਦੀ ਤੋਂ ਦਸਤਾਵੇਜ਼ੀ ਪ੍ਰਮਾਣ ਪ੍ਰਾਪਤ ਕਰ ਕੇ ਪੇਸ਼ ਕਰੇ ਕਿ ਉਹ ਉਸ ਧਰਮ ਦਾ ਪੈਰੋਕਾਰ ਹੈ। ਸੈਨਾਨੀ ਨੂੰ ਇਕ ਸੈਨਿਕ ਬੋਰਡ ਸਾਹਮਣੇ ਵੀ ਪੇਸ਼ ਹੋਣਾ ਪਏਗਾ ਜੋ ਨਿਰਣਾ ਕਰੇਗਾ ਕਿ ਉਸ ਦਾ ਸਿਦਕ ਸੱਚਾ ਹੈ। ਜਦ ਤਕ ਨਿਰਣਾ ਨਹੀਂ ਹੁੰਦਾ ਉਸ ਨੂੰ ਯੂਨੀਫ਼ਾਰਮ ਸੰਬੰਧੀ ਨਿਯਮਾਂ ਦੀ ਪਾਲਣੋ ਤੋਂ ਆਰਜ਼ੀ ਛੋਟ ਦਿਤੀ ਜਾਵੇਗੀ।

ਜਿਹੜਾ ਸੈਨਾਨੀ ਸੱਚਾ ਸਿਖ ਹੋਵੇਗਾ ਉਸ ਨੂੰ ਆਗਿਆ ਹੋਵੇਗੀ ਕਿ ਉਹ ਦਾੜ੍ਹੀ ਅਤੇ ਪਗੜੀ ਸਮੇਤ ਆਪਣੇ ਧਾਰਮਿਕ ਚਿੰਨ੍ਹ ਰਖ ਸਕੇ। ਪ੍ਰੰਤੂ, ਉਸ ਨੂੰ ਕਿਰਪਾਨ ਰਖਣ ਦੀ ਆਗਿਆ ਨਹੀਂ ਹੋਵੇਗੀ ਕਿਉਂਜੁ ਸਿਖ ਪੰਥ ਆਪਣੇ ਮੈਂਬਰਾਂ ਨੂੰ ਆਗਿਆ ਦਿੰਦਾ ਹੈ ਕਿ ਉਹ ਅਸਲੀ ਕਿਰਪਾਨ ਦੀ ਥਾਂ ਕਿਰਪਾਨ ਦਾ ਚਿੰਨ੍ਹ ਆਪਣੇ ਕੋਲ ਰਖ ਲੈਣ।

ਫੌਜੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਪ੍ਰਾਪਤ ਸੂਚਨਾ ਅਨੁਸਾਰ ਅਮਰੀਕਨ ਫ਼ੌਜ ਵਿਚ ਇਸ ਵੇਲੇ ਕੇਵਲ ਦੋ ਸਿਖ ਫ਼ੌਜੀ ਹਨ। ਇਕ ਅਮਰੀਕਨ ਸੈਨਾਨੀ ਸਿਖ ਨੇ ਪਿਛੇ ਜਿਹੇ ਹੀ ਕੋਰਟ ਮਾਰਸ਼ਲ ਦਾ ਉਹ ਫ਼ੈਸਲਾ ਬਦਲੀ ਕਰਵਾ ਲਿਆ ਹੈ, ਜਿਸ ਅਧੀਨ ਉਸ ਨੂੰ ਯੂਨੀਫ਼ਾਰਮ ਦੇ ਨਿਯਮਾਂ ਦੀ ਉਲੰਘਣਾ ਕਰਨ ਲਈ ਦੰਡ ਦਿਤਾ ਗਿਆ ਸੀ।

ਯੂ. ਐਸ. ਆਈ. ਐਸ.

## ਅਖੰਡ ਕੀਰਤਨੀ ਜੱਥਾ ਜਲੰਧਰ ਵਲੋਂ ਜੂਨ ੧੯੭੪ ਦੇ ਪ੍ਰੋਗਰਾਮ

| | | |
|---|---|---|
| ੧ ਜੂਨ | ਰੈਣ-ਸਬਾਈ ਤੇ ਅੰਮ੍ਰਿਤ-ਸੰਚਾਰ | ਗੁਰਦਵਾਰਾ ਅਕਾਲੀਆਂ, ਫਗਵਾੜਾ |
| ੮ ਜੂਨ | ਰੈਣ-ਸਬਾਈ ਤੇ ਅੰਮ੍ਰਿਤ-ਸੰਚਾਰ | ਮਨਣਾ ਪਿੰਡ, ਨੇੜੇ ਰਾਇਪੁਰ ਬਲਾਂ, ਜਲੰਧਰ-ਟਾਂਡਾ ਰੋਡ |
| ੧ ਜੂਨ | ਰੈਣ-ਸਬਾਈ ਕੀਰਤਨ | ਬਲੰਦਪੁਰ, ਨੇੜੇ ਨੂਰਪੁਰ, ਜਲੰਧਰ-ਟਾਂਡਾ ਰੋਡ |
| ੨੩ ਜੂਨ | ਸਵੇਰੇ ੫ ਤੋਂ ੯ ਅਖੰਡ ਕੀਰਤਨ | ਮਕਾਨ ਭਾਈ ਹਰਭਜਨ ਸਿੰਘ, ਨੇੜੇ ਗੁ: ਸੰਤ ਮੁਸਾਫ਼ਰ ਸਿੰਘ ਮਹੱਲਾ ਕਰਾੜ ਖ਼ਾਂ, ਜਲੰਧਰ |
| ੩੦ ਜੂਨ | ਸਵੇਰੇ ੫ ਤੋਂ ੧੧ ਅਖੰਡ ਕੀਰਤਨ | ਗੁਰਦਵਾਰਾ ਬਜ਼ਾਰ ਸ਼ੇਖ਼ਾਂ, ਜਲੰਧਰ |

www.AKJ.Org

# ਸਿੰਘ ਸਭਾ ਲਹਿਰ ਦੀ ਦੇਣ

[ ਪਿਛੇ ਤੋਂ ਅਗੇ ]

[ਵਲੋਂ—ਗਿ: ਗੁਰਦਿਤ ਸਿੰਘ ਜੀ, ਸਕੱਤਰ ਸ੍ਰੀ ਗੁਰੂ ਸਿੰਘ ਸਭਾ ਸ਼ਤਾਬਦੀ ਕਮੇਟੀ]

## (੨) ਗੁਰਬਾਣੀ ਦੀ ਕਸਵੱਟੀ ਨਾਲ ਸਿੱਖ-ਸਾਹਿੱਤ ਦੀ ਪਰਖ :

ਮੱਧ-ਕਾਲੀਨ ਸਿੱਖ-ਸਾਹਿੱਤ ਨੂੰ ਗੁਰਬਾਣੀ ਦੀ ਰੋਸ਼ਨੀ ਤੇ ਉਸ ਦੀ ਕਸਵੱਟੀ ਉਤੇ ਪਰਖਣ ਨਿਰਖਣ ਦੀ ਸੋਝੀ, ਸਿੰਘ ਸਭਾ ਲਹਿਰ ਦੇ ਸੇਵਕਾਂ ਤੇ ਵਿਦਵਾਨਾਂ ਦੀ ਵਿਸੇਸ਼ ਦੇਣ ਹੈ। ਸਿੱਖ-ਸਾਹਿੱਤ, ਜਨਮ-ਸਾਖੀਆਂ, ਸਾਖੀ ਪੁਸਤਕਾਂ ਤੇ ਬੰਸਾਵਲੀ-ਨਾਮਿਆਂ ਤੋਂ, ਜਦੋਂ ਗੁਰ-ਬਿਲਾਸ, ਨਾਨਕ-ਪ੍ਰਕਾਸ਼, ਨਾਨਕ-ਵਿਜੈ, ਗੁਰੂ ਨਾਨਕ ਚੰਦ੍ਰੋਦਯ, ਗੁਰ-ਪ੍ਰਤਾਪ ਸੂਰਜ ਆਦਿ ਵੱਡ-ਅਕਾਰੀ ਗ੍ਰੰਥਾਂ ਦਾ ਰੂਪ ਧਾਰਨ ਕਰ ਕੇ ਪ੍ਰਕਾਸ਼ਵਾਨ ਹੋਇਆ, ਤਾਂ ਇਨ੍ਹਾਂ ਗ੍ਰੰਥ-ਲੇਖਕਾਂ ਦਾ ਦ੍ਰਿਸ਼ਟੀ-ਕੋਣ, ਉਸ ਸਮੇਂ ਦੇ ਬ੍ਰਾਹਮਣੀ ਸਮਾਜ ਦੇ ਪ੍ਰਭਾਵ ਕਬੂਲਣ ਕਰਕੇ ਪੌਰਾਣਕ ਬਣ ਚੁੱਕਿਆ ਸੀ। ਗ੍ਰੰਥ-ਲੇਖਕਾਂ ਦੀ ਫ਼ੀ-ਜ਼ਮਾਨਾ ਇਹ ਦ੍ਰਿਸ਼ਟੀ ਤਾਂ ਸਮਝ ਆ ਸਕਦੀ ਹੈ, ਪਰ ਸਿੱਖ-ਗੁਰੂਆਂ ਦੇ ਜੀਵਨ ਦੇ ਨਾਲ ਨਾਲ ਇਤਿਹਾਸਕ-ਗ੍ਰੰਥਾਂ ਵਿੱਚ ਪੌਰਾਣਕ ਕਥਾਵਾਂ ਦੀ ਭਰਮਾਰ ਅਤੇ ਉਨ੍ਹਾਂ ਜਿਹੀਆਂ ਪੌਰਾਣਕ ਵਾਰਤਾਵਾਂ ਕਲਪ ਕੇ ਗੁਰੂ ਸਾਹਿਬਾਨ ਦੇ ਜੀਵਨ ਚਰਿੱਤ੍ਰਾਂ ਨੂੰ ਅੰਕਤ ਕਰਨਾ ਬਿਲਕੁਲ ਹੀ ਹੈਰਾਨ ਕਰਨ ਵਾਲੀ ਦਸ਼ਾ ਹੈ। ਕਈ ਥਾਵਾਂ ਤੇ ਇੰਜ ਲਗਦਾ ਹੈ, ਜਿਵੇਂ ਸਿੱਖੀ ਦੇ ਸਿਧਾਂਤ ਤੇ ਗੁਰ-ਵਾਕ ਏਨਾ ਮਹਾਨ ਵਿਦਵਾਨ ਲੇਖਕਾਂ ਨੇ ਪੜ੍ਹੇ ਵਿਚਾਰੇ ਵੀ ਨਹੀਂ ਹੁੰਦੇ।

ਇਨ੍ਹਾਂ ਇਤਿਹਾਸਕ ਗ੍ਰੰਥਾਂ ਨੇ ਗੁਰੂ ਸਾਹਿਬਾਨ ਦੀ ਵਿਥਿਆ ਪੌਰਾਣਕ ਢੰਗਾਂ ਨਾਲ ਨਿਰੂਪਣ ਕਰ ਕੇ, ਜਿਥੇ ਇਤਿਹਾਸਕ ਤਥਾਂ ਦਾ ਘੋਲੂਆ ਜਿਹਾ ਬਣਾ ਧਰਿਆ ਸੀ, ਓਥੇ ਸਿੱਖ-ਧਰਮ ਦੇ ਵਿਲੱਖਣ ਵਜੂਦ, ਸੁਤੰਤਰ ਅਤੇ ਮੌਲਿਤ ਧਰਮ ਦੀ ਮਹੱਤਤਾ ਦੇ ਅਧਾਰ ਵੀ ਸੰਦੇਹ-ਜਨਕ ਬਣਾ ਦਿੱਤੇ ਸਨ। ਇਨ੍ਹਾਂ ਗ੍ਰੰਥਾਂ ਦੀ ਸੰਤਾਂ ਸਾਧੂਆਂ ਵਲੋਂ ਸਵੇਰੇ-ਸ਼ਾਮ ਕਥਾ-ਵਾਰਤਾ, ਭਾਵੇਂ ਸਧਾਰਨ ਤੌਰ ਤੇ ਜਨਤਾ ਲਈ ਲਾਭਵੰਦੀ ਸੀ, ਪਰ ਹੰਸ-ਚੋਗ-ਬ੍ਰਿਤੀ ਦੀ ਵਰਤੋਂ ਨਾ ਹੋਣ ਕਾਰਨ ਇਹ ਪ੍ਰਥਾ ਸਿੱਖੀ ਉਤੇ ਮਾਰੂ ਅਸਰ ਕਰਨ ਵਾਲੀ ਵੀ ਸੀ। ਗੁਰੂ ਸਾਹਿਬਾਨ ਜੀ ਦੇ ਵਿਆਹਾਂ-ਸ਼ਾਦੀਆਂ ਸਮੇਂ ਦੇ ਕਥਤ ਰਾਜਸੀ ਅਡੰਬਰ ਤੇ ਠਾਠ, ਬ੍ਰਾਹਮਣੀ ਰੀਤਾਂ-ਰਿਵਾਜਾਂ ਅਨੁਸਾਰ ਗੁਰੂ-ਪ੍ਰਵਾਰਾਂ ਦੇ ਸੰਸਕਾਰ ਲਈ ਭਾਂਤ-ਸੁ-ਭਾਂਤੀਆਂ ਅਤਿ-ਕਥਨੀਆਂ ਤੇ ਗੁਰੂ ਗੋਬਿੰਦ ਸਿੰਘ ਜੀ ਵਲੋਂ 'ਦੁਰਗਾ ਪੂਜਣ' ਦਾ ਪ੍ਰਸੰਗ ਇੰਨਾ ਵਧਾ ਚੜ੍ਹਾ ਕੇ ਲਿਖਿਆ ਮਿਲਦਾ ਹੈ, ਜਿਵੇਂ ਦਸਮੇਸ਼ ਜੀ ਆਪਣੇ ਵਡੇਰਿਆਂ ਤੇ 'ਨਾਨਕ-ਪੰਥ' ਦੇ ਸਮਰੱਥਕ ਹੋਣ ਦੀ ਥਾਂ ਕਿਸੇ ਹੋਰ ਮਤ ਦੇ ਹੀ ਧਾਰਨੀ ਹੋਣ? ਇਤਿਹਾਸ ਵਿੱਚ ਦਾਖ਼ਲ ਕੀਤੇ ਗਏ ਇਨ੍ਹਾਂ ਭਰਮ-ਭੁਲੇਖਿਆਂ ਭਰੇ ਇਤਿਹਾਸਕ ਪ੍ਰਸੰਗਾਂ ਨੂੰ ਮੁੱਖ ਰੱਖ ਕੇ, ਸਿੰਘ ਸਭਾ ਲਹਿਰ ਦੇ ਸੇਵਕਾਂ ਨੇ ਲੇਖਾਂ, ਭਾਸ਼ਣਾਂ ਤੇ ਪੁਸਤਕਾਂ ਰਾਹੀਂ ਸ਼ੰਕੇ ਦੂਰ ਕਰਨ ਦਾ ਕਾਰਜ ਅਰੰਭਿਆ, ਜਿਨ੍ਹਾਂ ਵਿਚੋਂ ਅਨੇਕਾਂ ਲੇਖਾਂ ਤੇ ਭਾਸ਼ਣਾਂ ਤੋਂ ਇਲਾਵਾ, ਭਾਈ ਦਿੱਤ ਸਿੰਘ ਜੀ ਦਾ 'ਦੁਰਗਾ-ਪ੍ਰਬੋਧ-ਗ੍ਰੰਥ' ਖ਼ਾਸ ਕਰਕੇ ਮਹੱਤਤਾ ਭਰਿਆ ਹੈ। ਏਸੇ ਪ੍ਰਥਾ ਨੂੰ ਪਿਛੋਂ ਜਾ ਕੇ ਭਾਈ ਵੀਰ ਸਿੰਘ ਜੀ ਨੇ 'ਦੇਵੀ-ਪੂਜਨ-ਪੜਤਾਲ' ਪੁਸਤਕ ਰਚ ਕੇ ਅੱਗੇ ਵਧਾਇਆ। 'ਗੁਰ-ਪ੍ਰਤਾਪ-ਸੂਰਜ' ਦੀ ਸੰਪਾਦਨਾ ਸਮੇਂ ਵੀ ਉਨ੍ਹਾਂ ਜੋ ਸੋਧਾਂ ਭਰੇ ਅਨੇਕਾਂ ਫੁਟ-ਨੋਟ ਦਿੱਤੇ ਹਨ, ਇਹ ਸਿੰਘ ਸਭਾ ਲਹਿਰ ਦੇ ਦ੍ਰਿਸ਼ਟੀ-ਕੋਣ ਦਾ ਹੀ ਪ੍ਰਤੀ-ਕਰਮ ਹਨ।

ਇਤਿਹਾਸਕ-ਪੱਖ ਤੋਂ ਪ੍ਰੋ: ਗੁਰਮੁਖ ਸਿੰਘ ਜੀ ਵਲੋਂ 'ਹਾਫ਼ਜ਼ਾਬਾਦੀ ਜਨਮ-ਸਾਖੀ', ਜੋ ਹੁਣ ਪੁਰਾਤਨ ਜਨਮ-ਸਾਖੀ ਕਰਕੇ ਜਾਣੀ ਜਾਂਦੀ ਹੈ, ਦੇ ਛਾਪਣ ਦੇ ਪਹਿਲੇ ਯਤਨਾਂ ਤੋਂ ਹੱਥ-ਲਿਖਤ-ਪੁਸਤਕਾਂ ਛਾਪਣ ਤੇ ਸੰਪਾਦਨ ਕਰਨ ਦੀ ਲੜੀ ਤੁਰਦੀ ਹੈ ਤੇ ਸ: ਕਰਮ ਸਿੰਘ ਦੀਆਂ ਖੋਜਾਂ ਨਾਲ ਇਹ ਕਾਰਜ ਸਿਖਰ ਉਤੇ ਪੁਜਦਾ ਹੈ, ਜਿਨ੍ਹਾਂ ਦੀਆਂ ਸੇਵਾਵਾਂ ਦਾ ਲਾਭ ਉਠਾਉਣ ਲਈ (ਸੰਨ ੧੯੩੧) ਖ਼ਾਲਸਾ ਕਾਲਜ ਵਿੱਚ ਇਤਿਹਾਸ-ਵਿਭਾਗ ਕਾਇਮ ਕੀਤਾ ਗਿਆ ਸੀ। ਇਸ ਮਹਿਕਮੇ ਦੀ ਸਥਾਪਨਾ ਸਿੰਘ ਸਭਾ ਲਹਿਰ ਦੇ ਖੋਜੀ ਪ੍ਰਭਾਵਾਂ ਦਾ ਹੀ ਫਲ ਸੀ।



www.AKJ.Org

ਆਪਣੇ ਪੁਰਾਣੇ ਇਤਿਹਾਸਕ ਤਥਾਂ ਨੂੰ ਸੋਧਣ-ਪ੍ਰਬੋਧਣ ਦੇ ਨਾਲ ਨਾਲ ਹੋਰਨਾਂ ਧਰਮਾਂ ਬਾਰੇ ਜਾਣਕਾਰੀ, ਖ਼ਾਸ ਕਰ ਅਨ-ਮਤੀਆਂ ਦੇ ਸਿੱਖ-ਧਰਮ ਉਪਰ ਕੀਤੇ ਜਾ ਰਹੇ ਹਮਲਿਆਂ ਦੇ ਉੱਤਰ ਵਿੱਚ ਲਿਖੇ ਗ੍ਰੰਥ, ਇਸ ਕਾਲ ਦੇ ਡੂੰਘੇ ਤੇ ਤੀਖਣ ਭਾਂਤ ਦੇ ਤੁਲਨਾਤਮਿਕ ਅਧਿਐਨ ਹਨ, ਜਿਨ੍ਹਾਂ ਜਿਹੇ ਸਿੱਖੀ ਹਿਤੈਸ਼ੀ ਭਾਵਨਾ ਵਾਲੇ ਯਤਨ ਸਾਨੂੰ ਅੱਜ ਕਿੱਧਰੇ ਢੂੰਡਿਆਂ ਵੀ ਨਹੀਂ ਲੱਭ ਸਕਦੇ। ਵੱਡੇ ਗ੍ਰੰਥਾਂ ਤੋਂ ਇਲਾਵਾ, ਛੋਟੇ ਛੋਟੇ ਪੈਂਫ਼ਲਿਟ ਇਸ ਸਮੇਂ ਭਾਰੀ ਗਿਣਤੀ ਵਿੱਚ ਲਿਖੇ ਤੇ ਛਾਪੇ ਗਏ। ਟ੍ਰੈਕਟ ਤਾਂ ਭਾਵੇਂ ਛੋਟੇ ਛੋਟੇ ਹੀ ਸਨ, ਪਰ ਹੈਸਨ ਗਿਆਨ ਦੇ ਵੱਡੇ ਵੱਡੇ ਵਿਸ਼ਿਆਂ ਦੇ ਨਚੋੜ । ਅਜਿਹੇ ਟ੍ਰੈਕਟਾਂ ਦੇ ਛਾਪਣ ਵਿੱਚ ਖ਼ਾਲਸਾ-ਟ੍ਰੈਕਟ-ਸੋਸਾਇਟੀ, ਅੰਮ੍ਰਿਤਸਰ ਦੀ ਸਥਾਪਨਾ ਅਤੇ ਉਸ ਦਾ ਯੋਗ ਦਾਨ ਵੀ ਮਹਾਨ ਹੈ। ਪੰਚ-ਖ਼ਾਲਸਾ-ਦੀਵਾਨ ਭਸੌੜ ਨੇ ਵੀ ਇਸ ਮੁਹਿੰਮ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ।* ਭਾਈ ਮੋਹਨ ਸਿੰਘ ਵੈਦ ਦੀ ਸੇਵਾ ਵੀ ਵਰਨਣ-ਯੋਗ ਹੈ। ਸਿੱਖੀ ਦੇ ਵੱਖੋ ਵੱਖਰੇ ਪਹਿਲੂਆਂ ਨੂੰ ਨਿਖਾਰਨ ਅਤੇ ਪ੍ਰਚਾਰਨ ਵਾਲੀਆਂ ਸਿਧਾਂਤਕ ਪੁਸਤਕਾਂ ਵਿੱਚ ਭਾਈ ਕਾਨ੍ਹ ਸਿੰਘ ਜੀ ਲਿਖਤ 'ਗੁਰਮਤਿ-ਸੁਧਾਕਰ' ਤੇ 'ਗੁਰਮਤਿ-ਪ੍ਰਭਾਕਰ' ਦਾ ਬੁਨਿਆਦੀ ਅਸਥਾਨ ਹੈ। ਉਨ੍ਹਾਂ ਦੀ ਲਿਖੀ 'ਹਮ-ਹਿੰਦੂ-ਨਹੀਂ' ਪੁਸਤਕ ਇਸ ਰੌਲ਼-ਘਚੋਲੇ ਵਿਚੋਂ ਸਿੱਖੀ ਨੂੰ ਕੱਢਣ ਲਈ ਇਕ ਚਾਨਣ-ਮੁਨਾਰਾ ਮੰਨੀ ਜਾਂਦੀ ਰਹੀ ਹੈ, ਜਿਸ ਦੀ ਪ੍ਰੌੜ੍ਹਤਾ ਵਿਚ ਛਾਪੇ ਗਏ ਤਖ਼ਤਾਂ ਦੇ ਹੁਕਮਨਾਮਿਆਂ, ਪੰਥਕ ਸੰਸਥਾਵਾਂ ਦੇ ਫ਼ੈਸਲਿਆਂ ਨੇ ਸੋਨੇ ਉਤੇ ਸੁਹਾਗੇ ਵਾਲਾ ਕੰਮ ਕੀਤਾ।

ਗਿਆਨੀ ਗਿਆਨ ਸਿੰਘ ਜੀ ਨੇ ਜਿਤਨੇ ਗ੍ਰੰਥਾਂ ਦੀ ਰਚਨਾ ਕੀਤੀ ਉਨ੍ਹਾਂ ਵਿਚੋਂ ਕੁਝ ਸਿੰਘ ਸਭਾ ਲਹਿਰ ਦੇ ਉਠਣ ਤੋਂ ਪਹਿਲਾਂ ਦੇ ਹਨ, ਕੁਝ ਅਰੰਭਕ-ਕਾਲ ਦੇ, ਜਿਵੇਂ ਕਿ ਅਸੀਂ ਦੇਖਦੇ ਹਾਂ ਉਨ੍ਹਾਂ ਦੀ ਲਿਖਣ-ਸ਼ੈਲੀ ਉਤੇ ਇਕ-ਦਮ ਸਿੰਘ ਸਭਾ ਵਾਲੇ ਸੁਧਾਰਕ ਵਿਚਾਰਾਂ ਦਾ ਪ੍ਰਬਲ-ਪ੍ਰਭਾਵ ਪਿਆ ਅਤੇ ਉਹ ਬ੍ਰਿਜ-ਭਾਸ਼ਾ ਦੇ ਗੂੜ੍ਹ

---

*ਬਾਅਦ ਵਿਚ ਪੰਚ ਖ਼ਾਲਸਾ ਦੀਵਾਨ ਭਸੌੜ ਦੇ ਆਗੂ ਬਾਬੂ ਤੇਜਾ ਸਿੰਘ ਨੇ ਆਪ-ਹੁਦਰਾ-ਪਣ ਅਪਣਾ ਲਿਆ ਅਤੇ ਗੁਰਮਤਿ ਵਿਚ ਮਨਮਤ ਵਰਤਣੀ ਸ਼ੁਰੂ ਕਰ ਦਿਤੀ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਅਦਲਾ-ਬਦਲਾ ਤੇ ਵਾਧਾ ਘਾਟਾ ਕਰ ਕੇ ਗੁਰਬਾਣੀ ਤੇ ਉਸ ਦੇ ਕ੍ਰਮ ਨੂੰ ਭੰਗ ਕੀਤਾ ਅਤੇ ਗੁਰਮੰਤ੍ਰ ਅਰਦਾਸ ਤੇ ਅੰਮ੍ਰਿਤ ਮਰਯਾਦਾ ਵਿਚ ਅਦਲਾ-ਬਦਲੀ ਕਰਨ ਦੀਆਂ ਗੁਰਮਤਿ ਵਿਰੋਧੀ ਕਾਰਵਾਈਆਂ ਕੀਤੀਆਂ। ਇਸੇ ਕਾਰਨ ਬਾਬੂ ਤੇਜਾ ਸਿੰਘ ਤੇ ਉਸ ਦੀ ਪਤਨੀ ਬੀਬੀ ਨਿਰੰਜਨ ਕੌਰ ਭਸੌੜ ਨੂੰ ੯ ਅਗਸਤ ੧੯੨੮ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੁਕਮਨਾਮਾ ਜਾਰੀ ਕਰ ਕੇ ਪੰਥ ਵਿਚੋਂ ਖ਼ਾਰਜ ਕੀਤਾ ਗਿਆ ਅਤੇ ਪੰਚ ਖ਼ਾਲਸਾ ਦੀਵਾਨ ਦੇ ਬਾਕੀ ਮੈਂਬਰਾਂ ਦਾ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਹੋਰ ਗੁਰਦਵਾਰੇ ਸਾਹਿਬਾਨ ਵਿਚ ਅਰਦਾਸਾ ਬੰਦ ਕੀਤਾ ਗਿਆ।

ਨੋਟ ੧—ਕੁਝ ਸਜਣ ਉਪਰੋਕਤ ਹੁਕਮਨਾਮੇ ਨੂੰ ਇਉਂ ਵਰਤ ਰਹੇ ਹਨ ਕਿ ਭਸੌੜ ਦੀਵਾਨ ਨੇ ਬੀੜ ਵਿਚੋਂ ਰਾਗਮਾਲਾ ਕਢਣ ਦਾ ਜਤਨ ਕੀਤਾ ਤਾਂ ਉਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੁਕਮਨਾਮਾ ਜਾਰੀ ਕਰ ਕੇ ਪੰਥ ਤੋਂ ਖ਼ਾਰਜ ਕੀਤਾ ਗਿਆ। ਪਰ ਇਸ ਹੁਕਮਨਾਮੇ ਵਿਚ ਕਿਤੇ ਰਾਗਮਾਲਾ ਦਾ ਜ਼ਿਕਰ ਤਕ ਨਹੀਂ। ਰਾਗਮਾਲਾ ਤਾਂ ਅਜ ਤਕ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਨਹੀਂ ਪੜ੍ਹੀ ਜਾਂਦੀ, ਇਸ ਕਰਕੇ ਇਹ ਗੱਲ ਸਿਧ ਕਰਨੀ ਬਿਲਕੁਲ ਨਿਰਮੂਲ ਹੈ ਕਿ ਰਾਗਮਾਲਾ ਕਢਣ ਕਰ ਕੇ ਪੰਥ ਚੋਂ ਛੇਕੇ ਗਏ।

ਨੋਟ ੨—ਭਸੌੜੀਏ ਸਜਣ ਅਜੇ ਵੀ ਆਪਣੀ ਮਨਮਤ ਦਾ ਢੰਡੋਰਾ ਪਿਟ ਕੇ ਭੋਲੇ-ਭਾਲੇ ਸਿਖਾਂ ਨੂੰ ਗੁਮਰਾਹ ਕਰਨ ਦਾ ਪਾਪ ਕਰ ਰਹੇ ਹਨ ਅਤੇ 'ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ' ਪੁਸਤਕ ਨੂੰ ਹੁਣ ਦੁਬਾਰਾ ਛਾਪ ਕੇ ਪਰਚਾਰ ਕਰ ਰਹੇ ਹਨ ਕਿ ਭਗਤਾਂ ਆਦਿ ਦੀ ਬਾਣੀ ਗੁਰੂ-ਆਸ਼ੇ ਅਨੁਸਾਰ ਨਹੀਂ ਹੈ, ਸਗੋਂ ਇਹ ਕਚੀ ਬਾਣੀ ਹੈ। ਇਸ ਪੁਸਤਕ ਵਿਚ ਦਿਤੀਆਂ ਉਕਤੀਆਂ ਯੁਕਤੀਆਂ ਦਾ ਪ੍ਰੋਫ਼ੈਸਰ ਸਾਹਿਬ ਸਿੰਘ ਜੀ ਨੇ ਅਜ ਤੋਂ ੧੫ ਸਾਲ ਪਹਿਲਾਂ ਭਗਤ ਬਾਣੀ ਸਟੀਕ ਪੰਜ ਜਿਲਦਾਂ ਵਿਚ ਪੂਰੇ ਵਿਸਥਾਰ ਨਾਲ ਉਤਰ ਦੇ ਕੇ ਸਾਬਤ ਕੀਤਾ ਹੈ ਕਿ ਗੁਰੂ-ਬਾਣੀ ਅਤੇ ਭਗਤ-ਬਾਣੀ ਦਾ ਆਸ਼ਾ ਬਿਲਕੁਲ ਇਕੋ ਹੈ ਅਤੇ ਰਤਾ ਭਰ ਵੀ ਕੋਈ ਭੇਦ ਨਹੀਂ।

ਭਗਤ-ਬਾਣੀ ਗੁਰੂ-ਕਲਾ ਦੁਆਰਾ ਭਗਤਾਂ ਦੇ ਮੁਖਾਰਬਿੰਦ ਤੋਂ ਉਚਾਰੀ ਹੋਈ ਹੋਈ ਹੈ। ਸੋ ਭਗਤਾਂ ਆਦਿ ਦੀ ਸਮਗਰ ਬਾਣੀ ਸਮੇਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਡੇ ਪਰਮ ਸਨਮਾਨ ਯੋਗ ਪੂਜਯ-ਗੁਰੂ ਹਨ, ਜਿਨ੍ਹਾਂ ਨੂੰ ਅਸੀਂ ਨਿਤ ਨਮਸਕਾਰ ਕਰਦੇ ਹਾਂ।

ਭਸੌੜੀਆਂ ਵਲੋਂ ਨਵੇਂ ਸਿਰੇ ਇਸ ਕੁਹਜੇ ਜਤਨ ਨੂੰ ਦੁਹਰਾਉਣ ਬਦਲੇ ਪੰਥ ਨੂੰ ਉਨ੍ਹਾਂ ਦੇ ਬਰਖ਼ਿਲਾਫ਼ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ।

[ਸੰਪਾਦਕ

www.AKJ.Org

ਕਾਵਯ ਰਸਾਂ ਨੂੰ ਛੱਡ ਕੇ ਸਪੱਸ਼ਟ ਤੇ ਸਰਲ ਵਾਰਤਕ ਵਿਚ ਲਿਖਣ ਲਗੇ ਅਤੇ ਤਵਾਰੀਖ਼ੀ ਨੁਕਤਾ-ਨਿਗਾਹ ਮੁਖ ਰਖਣ ਤੋਂ ਇਲਾਵਾ, ਉਨ੍ਹਾਂ ਦਾ ਪੌਰਾਣਕ ਵਾਰਤਾਵਾਂ ਤੋਂ ਬਚਣ ਦੇ ਯਤਨ ਤੇ ਚੇਤਨਾ ਪ੍ਰਬਲ ਤੌਰ ਤੇ ਕੰਮ ਕਰਦੀ ਪ੍ਰਤੱਖ ਦਿਸਦੀ ਹੈ । ਆਪ ਜੀ ਦੇ ਗ੍ਰੰਥਾਂ ਦੀਆਂ ਜਦੋਂ ਦੂਜੀਆਂ ਐਡੀਸ਼ਨਾਂ ਛਾਪੀਆਂ ਗਈਆਂ ਤਾਂ ਉਨ੍ਹਾਂ ਜੋ ਵਾਧੇ ਤੇ ਫੁਟ-ਨੋਟ ਦਿਤੇ ਅਤੇ ਸੋਧਾਂ ਕੀਤੀਆਂ ਉਹ ਸਭ ਉਠ ਰਹੀ ਸਿੰਘ ਸਭਾ ਲਹਿਰ ਦੇ ਪ੍ਰਭਾਵਾਂ ਦਾ ਹੀ ਫਲ ਸੀ । ਸਚ ਤਾਂ ਇਹ ਹੈ ਕਿ, ਕੁਝ ਕਿਤਾਬਾਂ ਦੀ ਰਚਨਾ ਤਾ ਹੋਈ ਹੀ ਸਿੰਘ ਸਭਾ ਦੇ ਪ੍ਰਭਾਵਾਂ ਹੇਠਾਂ ਸੀ, ਜਿਨ੍ਹਾਂ ਵਿਚੋਂ 'ਖ਼ਾਲਸਾ ਪਤਿਤ ਪਾਵਨ', 'ਰਿਪਦੁਮਨ ਪ੍ਰਕਾਸ਼', 'ਗੁਰਧਾਮ-ਦਰਸ਼ਨ', 'ਭੁਪਿੰਦਰਾ ਅਨੰਦ-ਪ੍ਰਕਾਸ਼' ਆਦਿਕ ਗ੍ਰੰਥ ਵਰਨਣ-ਯੋਗ ਹਨ ।

ਮਨਮਤੀ ਪ੍ਰਭਾਵ ਪਾਉਣ ਵਾਲੀਆਂ ਸਿਖ-ਇਤਿਹਾਸਕ-ਰਚਨਾਵਾਂ; ਗੁਰਬਾਣੀ 'ਗੁਰੂ' ਨੂੰ ਕਸਵਟੀ ਬਣਾ ਕੇ ਪਰਖਣ ਨਿਰਖਣ ਦੀ ਬੋਲੀ, ਸਿੰਘ ਸਭਾ ਲਹਿਰ ਦੇ ਸੇਵਕਾਂ ਨੇ ਜਾਗ੍ਰਿਤ ਕੀਤੀ, ਤੇ ਪਾਰਖੂ ਬ੍ਰਿਤੀ ਨਾਲ ਦੁੱਧ ਤੇ ਪਾਣੀ ਨਿਖੇੜ ਕੇ, ਕੱਚ ਦਾ ਤਿਆਗ ਅਤੇ ਸੱਚ ਵਿਹਾਝਣ ਦੀ ਰੁਚੀ ਨੂੰ ਤੀਖਣ ਕੀਤਾ, ਜਿਸ ਨਾਲ ਪਿਛਲਾ ਸਾਰਾ ਕੁਝ ਅੰਗੋ ਅੰਗ ਕਰ ਕੇ ਨਿਖੇੜਿਆ ਜਾਣ ਲਗਾ ਅਤੇ ਨਵੀਂ ਸਾਹਿੱਤ-ਰਚਨਾ ਇਸ ਪੱਖ ਤੋਂ ਚੇਤੰਨ ਹੋ ਕੇ ਕੀਤੀ ਜਾਣ ਲਗੀ, ਜਿਸ ਦੇ ਫਲ-ਸਵਰੂਪ ਪ੍ਰਾਚੀਨ ਪੁਸਤਕਾਂ ਛਪਣੀਆਂ ਸ਼ੁਰੂ ਹੋਈਆਂ, ਨਾਲ ਹੀ ਪੁਰਾਣੇ ਸਾਹਿੱਤ ਨੂੰ ਸੰਪਾਦਨ ਕਰ ਕੇ ਪ੍ਰਕਾਸ਼ਨ ਦੀ ਪ੍ਰਥਾ ਜਾਰੀ ਹੋਈ ।

### ੩. ਰਹੁ-ਰੀਤਾਂ ਤੇ ਮਰਯਾਦਾਂ ਦੇ ਅਡੰਬਰੀ ਰੂਪ ਤੋਂ ਬਚਾਉ :—

ਰਹੁ-ਰੀਤਾਂ ਤੇ ਮਰਯਾਦਾਂ ਕਿਸੇ ਵੀ ਧਰਮ ਦੀ ਅੰਦਰਲੀ ਰੂਹ ਦਾ ਬਾਹਰਮੁਖੀ ਪ੍ਰਗਟਾਉ ਹੁੰਦੀਆਂ ਹਨ । ਸਿਖ ਗੁਰੂ ਸਾਹਿਬਾਨ ਨੇ ਕਾਫ਼ੀ ਕਰਮ-ਕਾਂਡੀ ਅਡੰਬਰ ਅਤੇ ਵਾਧੂ ਦੇ ਝੰਜਟਾਂ ਤੋਂ ਰਹਿਤ ਜੋ ਗੁਰਮੁਖਤਾ ਦਾ ਗਾਡੀ ਰਾਹ ਚਲਾਇਆ ਸੀ, ਉਸ ਦੇ ਪ੍ਰਮਾਣੀਕ ਸਿਧਾਂਤਕ ਅਧਾਰ, ਅਤੇ ਰਹਿਤ ਮਰਯਾਦਾ ਦੇ ਸੰਕੇਤ ਗੁਰੂ-ਵਾਕ ਹਨ, ਅਤੇ ਉਨ੍ਹਾਂ ਦੀ ਵਿਆਖਿਆ ਸਿਖ-ਸਾਹਿੱਤ ਤੇ ਸਿਧਾਂਤਕ ਗ੍ਰੰਥਾਂ, ਰਹਿਤਨਾਮਿਆਂ ਤੇ ਇਤਿਹਾਸਕ-ਗ੍ਰੰਥਾਂ ਦੇ ਪ੍ਰਸੰਗਾਂ ਅਤੇ ਸਾਖੀਆਂ ਦੇ ਰੂਪ ਵਿਚ ਮਿਲਦੀ ਹੈ ।

ਛੇਵੇਂ ਪਾਤਸ਼ਾਹ ਦੀ ਸਮਕਾਲੀ ਪੁਸਤਕ 'ਦਬਿਸਤਾਨਿ ਮਜ਼ਾਹਬ' ਦਾ ਲੇਖਕ ਲਿਖਦਾ ਹੈ— "ਨਾਨਕ-ਪੰਥੀ ਸਿਖ ਹਿੰਦੂਆਂ ਦੇ ਤੀਰਥਾਂ ਤੇ ਦੇਵੀ ਦੇਵਤਿਆਂ ਨੂੰ ਨਹੀਂ ਪੂਜਦੇ, ਸਿਖ ਸੰਸਕ੍ਰਿਤ ਨੂੰ ਦੇਵ-ਭਾਸ਼ਾ ਵੀ ਨਹੀਂ ਮੰਨਦੇ ।"

ਪਰ ਅਸੀਂ ਦੇਖਦੇ ਹਾਂ ਕਿ ਨਾਨਕ-ਪੰਥੀਆਂ ਦੀ ਇਸ ਮੂਲ ਧਾਰਨਾ ਅਤੇ ਵਿਰੋਧ ਦੇ ਬਾਵਜੂਦ, ਗੁਰੂ ਗੋਬਿੰਦ ਸਿੰਘ ਜੀ ਦੇ ਜੁੱਗ-ਪਲਟਾਊ ਕਾਰਨਾਮਿਆਂ ਅਤੇ ਬਾਣੀ ਦੇ ਅਮੋਘ ਬਾਣਾਂ ਦੇ ਹੁੰਦਿਆਂ ਹੋਇਆਂ ਜਿਉਂ ਹੀ ਸਿਖਾਂ ਵਿਚ ਬਾਰ੍ਹਾਂ ਮਿਸਲਾਂ ਤੋਂ ਪਿਛੋਂ ਰਾਜ-ਕਾਜ ਤੇ ਐਸ਼ਵਰਯ ਨੇ ਪੈਰ ਪਸਾਰੇ, ਬ੍ਰਾਹਮਣੀ ਧਰਮ ਹੜ੍ਹ ਦੇ ਪਾਣੀ ਵਾਂਗ ਸਿਖਾਂ ਦੀ ਵਾੜੀ ਉਤੇ ਛਾ ਗਿਆ । ਮਹਾਰਾਜਾ ਰਣਜੀਤ ਸਿੰਘ ਜੀ ਦੇ ਰਾਜ-ਕਾਲ ਵਿਚ ਬ੍ਰਹਿਮਣੀ-ਧਰਮ ਨੂੰ ਡੋਗਰ-ਸ਼ਾਹੀ ਨਾਲੋਂ ਵੀ ਵਧ ਮਹੱਤਵ ਮਿਲਿਆ, ਸਿਖੀ ਦੀਆਂ ਰਸਮਾਂ-ਰੀਤਾਂ ਤੇ ਮਰਯਾਦਾਂ ਹੌਲੀ ਹੌਲੀ ਬ੍ਰਹਿਮਣੀ-ਧਰਮ ਦੀ ਨਕਲ ਬਣਦੀਆਂ ਹੋਈਆਂ, ਉਸ ਦੇ ਅਸਲੀ ਰੂਪ ਦੀਆਂ ਧਾਰਨੀ ਹੀ ਬਣ ਗਈਆਂ ।

ਮਹਾਰਾਜਾ ਰਣਜੀਤ ਸਿੰਘ ਜੀ ਨੇ ਆਪਣੇ ਤੇ ਪ੍ਰਵਾਰ ਦੇ ਜਿਤਨੇ ਵੀ ਵਿਆਹ ਕੀਤੇ, ਉਹ ਵੈਦਿਕ ਰੀਤੀ ਅਨੁਸਾਰ ਬ੍ਰਹਿਮਣਾਂ ਜਾਂ ਰਾਜ-ਪੰਡਤਾਂ ਵਲੋਂ ਸਤ ਫੇਰਿਆਂ ਦੇ ਰੂਪ ਵਿਚ ਹੀ ਕਰਾਏ ਜਾਂਦੇ ਰਹੇ । ਮਹਾਰਾਜਾ ਸਾਹਿਬ ਦੇ ਪੋਤੇ ਕੰਵਰ ਨੌ-ਨਿਹਾਲ ਸਿੰਘ ਦੀ ਸ਼ਾਦੀ ਸਮੇਂ ਮਹਾਰਾਜਾ ਰਣਜੀਤ ਸਿੰਘ ਦਾ 'ਸਿਖ-ਦਰਬਾਰ' ਐਸ਼ਵਰਯ ਦੀ ਸਿਖਰ ਉਤੇ ਸੀ, ਇਸੇ ਸ਼ਾਦੀ ਦੇ ਬਾਕੀ ਦੇ ਸ਼ਾਹੀ ਠਾਠ-ਬਾਠ ਵਾਲੇ ਹਾਲਾਤ ਲਿਖਦਿਆਂ ਇਤਿਹਾਸਕਾਰਾਂ ਨੇ ਬੜੇ ਵਡੇ ਗੌਰਵ ਨਾਲ ਲਿਖਿਆ ਹੈ



www.AKJ.Org

ਕਿ, ਪਹਿਲੀ ਅਧੀ ਰਾਤ ਪਿਛੋਂ ਇਕ ਵਜੇ ਫੇਰੇ ਹੋਏ*। ਯਾਦ ਰਹੇ ਇਹ ਵਿਆਹ ਅਟਾਰੀ ਵਾਲੇ ਸਿਖ ਸਰਦਾਰਾਂ ਦੀ ਧੀ ਨਾਲ ਹੋਇਆ ਸੀ, ਕਿਸੇ ਹਿੰਦੂ ਰਾਜਪੂਤ ਦੀ ਧੀ ਨਾਲ ਨਹੀਂ ਸੀ ਕਿ ਧੀ ਵਾਲਿਆਂ ਦੀ ਮਰਜ਼ੀ ਵਿਰੁੱਧ ਮਹਾਰਾਜਾ ਸਾਹਿਬ ਨੇ ਦਖ਼ਲ ਦੇਣਾ ਠੀਕ ਨਾ ਸਮਝਿਆ।

ਅਨੰਦ ਕਾਰਜ ਦੀ ਰਸਮ† ਸਿੰਘ ਸਭਾ ਲਹਿਰ ਤੋਂ ਪਹਿਲਾਂ ਸਮੇਂ ਇਕ-ਦਮ ਅਲੋਪ ਹੋ ਗਈ ਸੀ।

ਰਾਵਲਪਿੰਡੀ ਦੀ ਸਹਿਜਧਾਰੀ ਸਿਖਾਂ ਦੀ ਨਿਰੰਕਾਰੀ ਲਹਿਰ ਦੇ ਆਗੂ ਬਾਬਾ ਰੱਤਾ ਜੀ ਨੇ ਆਪਣੇ ਸਿਖਾਂ ਸੇਵਕਾਂ ਵਿਚ ਅਨੰਦ-ਵਿਵਾਹ ਦੀ ਲਹਿਰ ਮੁੜ ਜਾਰੀ ਕੀਤੀ, ਤਾਂ ਉਨ੍ਹਾਂ ਨੂੰ ਸਿਖਾਂ ਦਾ ਹੀ ਕਰੜਾ ਵਿਰੋਧ ਝੱਲਣਾ ਪਿਆ। ਬਾਬਾ ਰਾਮ ਸਿੰਘ ਜੀ ਨਾਮਧਾਰੀ ਨੇ ਇਸ ਰੀਤੀ ਨੂੰ ਅਗੇ ਵਧਾਇਆ ਤਾਂ ਕੁਝ ਹਿੰਦੂ ਢੰਗ ਨਾਲ ਬੇਦੀ ਗੱਡ ਕੇ ਮੰਤ੍ਰਾਂ ਦੀ ਥਾਂ, ਗੁਰੂ ਗ੍ਰੰਥ ਸਾਹਿਬ ਵਿਚੋਂ ਲਾਵਾਂ ਪੜ੍ਹੀਆਂ ਜਾਣ ਲਗੀਆਂ। ਇਸ ਸੰਧੀ-ਕਾਲ ਦੀ ਇਹ ਯਾਦ, ਨਾਮਧਾਰੀਏ ਹੁਣ ਤਕ ਅਰਧ-ਵੈਦਿਕ ਫੇਰਿਆਂ ਦੇ ਰੂਪ ਵਿਚ ਚਲਾਈ ਆ ਰਹੇ ਹਨ।

ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਅਨੰਦ-ਕਾਰਜ ਕਰਨ ਦੀ ਰੀਤ ਸਿੰਘ ਸਭਾ ਲਹਿਰ ਦੇ ਸੇਵਕਾਂ ਨੇ ਫੇਰਿਆਂ ਦੀ ਥਾਂ ਪ੍ਰਕਰਮਾ ਕਰ ਕੇ ਵਿਸ਼ੇਸ਼ ਤੌਰ ਤੇ ਚਲਾਈ, ਤਾਂ ਬ੍ਰਹਿਮਣਾਂ ਵਲੋਂ ਕਰੜਾ ਵਿਰੋਧ ਵੀ ਕੀਤਾ ਗਿਆ ਤੇ ਕਈ ਤਰ੍ਹਾਂ ਦੇ ਮਖੌਲ-ਉਡਾਊ ਟੱਪੇ ਵੀ ਅਨੰਦ ਵਿਰੁੱਧ ਜੋੜ ਕੇ ਪ੍ਰਚਾਰੇ ਗਏ। ਅਖੇ ! ਇਸ ਤਰ੍ਹਾਂ ਤਾਂ ਸਿਖ ਕੁੜੀ ਦਾ ਵਿਆਹ 'ਮਹਾਰਾਜ ਗੁਰੂ ਗ੍ਰੰਥ ਸਾਹਿਬ ਜਾਂ ਤਾਬੇ ਬੈਠੇ ਗ੍ਰੰਥੀ ਨਾਲ ਹੀ ਕਰ ਦਿੰਦੇ ਹਨ।' ਅਦਾਲਤਾਂ ਵਿਚ ਮੁਕਦਮੇ ਖੜੇ ਕਰ ਕੇ ਕਈ ਅਨੰਦ ਵਿਵਾਹਾਂ ਨੂੰ ਹਿੰਦੂ-ਰੀਤੀ ਤੇ ਵਿਧਾਨ ਤੋਂ ਵਿਰੁੱਧ ਹੋਣ ਦੇ ਫ਼ਤਵੇ ਲਾਏ ਗਏ। ਏਥੋਂ ਤਕ ਕਿ ਭਾਈ ਜਵਾਹਰ ਸਿੰਘ ਜੀ ਦੇ ਅਨੰਦ-ਵਿਵਾਹ ਤੋਂ ਪੈਦਾ ਹੋਏ ਲੜਕੇ ਨੂੰ ਅਦਾਲਤ ਵਿਚੋਂ 'ਹਰਾਮੀ' ਹੋਣ ਦਾ ਫ਼ਤਵਾ ਦਿਵਾਇਆ ਗਿਆ, ਕਿ ਉਹ ਲੜਕਾ ਆਪਣੇ ਬਾਪ ਦੀ ਜਾਇਦਾਦ ਦਾ ਹੱਕਦਾਰ ਨਹੀਂ ਮੰਨਿਆ ਜਾ ਸਕਦਾ, ਜਿਸ ਕਾਰਨ ਸਿਖਾਂ ਲਈ 'ਅਨੰਦ-ਮੈਰਜ-ਐਕਟ' ਅਮਲ ਵਿਚ ਲਿਆਉਣਾ ਜ਼ਰੂਰੀ ਹੋਇਆ। ਜਿਸ ਦੇ ਪਾਸ ਹੋਣ ਨਾਲ ਹਿੰਦੂ ਵਿਰਾਸਤ ਐਕਟ ਨਾਲ ਸਿਖਾਂ ਦਾ ਸਬੰਧ ਤਾਂ ਓਸੇ ਵੇਲੇ ਹੀ ਖ਼ਤਮ ਹੋ ਗਿਆ ਸੀ, ਪਰ ਹੁਣ ਅਜ਼ਾਦੀ ਪਿਛੋਂ ਪਤਾ ਨਹੀਂ ਫਿਰ ਕਿਵੇਂ ਜੁੜ ਗਿਆ ਹੈ ?

ਇਹ ਐਕਟ ਵਾਇਸਰਾਇ ਦੀ ਕੌਂਸਲ ਦੇ ਮੈਂਬਰ ਹੋਣ ਦੀ ਹੈਸੀਅਤ ਵਿਚ ਪਹਿਲਾਂ ਮਹਾਰਾਜਾ ਰਿਪਦਮਨ ਸਿੰਘ ਨਾਭਾ ਨੇ ਪੇਸ਼ ਕੀਤਾ, ਤੇ ਪਿਛੋਂ ਜਾ ਕੇ ਏਸੇ ਕੌਂਸਲ ਦੀ ਉਪ੍ਰੋਕਤ ਪੁਜ਼ੀਸ਼ਨ ਉਤੇ ਬਿਰਾਜ ਕੇ, ਸ: ਸੁੰਦਰ ਸਿੰਘ ਜੀ 'ਮਜੀਠਾ' ਨੇ (੨੨ ਅਕਤੂਬਰ ੧੯੦੯ ਨੂੰ) ਪਾਸ ਕਰਵਾਇਆ। ਭਾਵੇਂ ਕਾਨੂੰਨੀ ਤੌਰ ਤੇ 'ਅਨੰਦ-ਮੈਰਜ-ਐਕਟ' ਪਿਛੋਂ ਅਦਾਲਤੀ ਔਕੜਾਂ ਘਟ ਗਈਆਂ ਸਨ, ਸਿਖ-ਵਿਰਾਸਤ ਤੇ ਰੀਤਾਂ, ਹਿੰਦੂਆਂ ਵਲੋਂ ਵਖ ਹੋ ਗਈਆਂ ਸਨ, ਪਰ ਸਮਾਜਿਕ ਤੌਰ ਤੇ ਬ੍ਰਹਿਮਣਾਂ ਵਲੋਂ ਜੋ ਜੋ ਵਿਰੋਧ ਹੋਇਆ, ਅਤੇ ਅਨੰਦ-ਕਾਰਜ ਦੀ ਰੀਤੀ ਪ੍ਰਚਲਤ ਹੋਣ ਦੇ ਰਾਹ ਵਿਚ ਹਰ ਥਾਂ ਅੜਿੱਕੇ ਖੜੇ ਕੀਤੇ ਗਏ, ਉਹ ਮੁਸ਼ਕਲਾਂ ਅਸੀਂ ਅਜ ਕਲ੍ਹ ਅਨੁਭਵ ਵੀ ਨਹੀਂ ਕਰ ਸਕਦੇ, ਜਦੋਂ ਕਿ ਇਸ ਰੀਤੀ ਦੇ ਲੋਕ-ਪ੍ਰਿਯਾ ਹੋਣ ਕਾਰਨ ਹੁਣ ਪੰਜਾਬ ਦੇ ਬ੍ਰਹਿਮਣਾਂ ਦੇ ਘਰਾਂ ਤੋਂ ਲੈ ਕੇ ਕਮਿਊਨਿਸਟਾ ਤੱਕ ਦੇ ਪ੍ਰਵਾਰਾਂ ਵਿਚ ਵੀ ਆਮ ਤੌਰ ਤੇ ਅਨੰਦ-ਕਾਰਜ ਕੀਤਾ ਤੇ ਕਰਾਇਆ ਜਾਂਦਾ ਹੈ।

ਇਸ ਰੀਤ ਨੂੰ ਮੁੜ ਅਰੰਭ ਕੇ ਇਸ ਲੋਕ-ਪ੍ਰਿਯ ਪੁਜ਼ੀਸ਼ਨ ਵਿਚ ਪਹੁੰਚਾਉਣਾ ਸਿੰਘ ਸਭਾ ਲਹਿਰ ਦੇ ਪੰਥਕ ਸੇਵਕਾਂ ਦੀ ਨਿਰੰਤਰ ਘਾਲਣਾ ਦਾ ਫਲ ਹੈ।

---

*ਸ: ਸ਼ਾਮ ਸਿੰਘ ਦਵਾਰਾ ਬਰਾਤ ਦੀ ਅਗਵਾਈ ਕੇ ਲੀਏ ਜਨਵਾਸੇ ਸੇ ਹਵੇਲੀ ਤੱਕ ਬੇਸ਼-ਕੀਮਤੀ ਕਲੀਨ ਵਿਛਾਏ ਗਏ ਥੇ........ਮਹਲ ਕੀ ਛਤ ਪਰ ਸੋਨੇ ਚਾਂਦੀ ਕੇ ਤਾਰੇ ਸੇ ਬਨੇ ਚੰਦੋਏ ਮੇਂ ਦੂਲਹਾ ਦੁਲਹਨ ਕੋ ਲਾ ਕਰ ਬੈਠਾਇਆ ਗਿਆ। ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਬਾਂਹ ਪਰ ਸੰਸਾਰ ਕਾ ਪ੍ਰਸਿਧ ਕੋਹਨੂਰ ਹੀਰਾ ਧਾਰਨ ਕਰ ਰਖਾ ਥਾ। ਰਾਤ ਕੇ ਏਕ ਬਜੇ ਫੇਰੇ ਹੂਏ। (ਕਾਦੰਬਨੀ ਰਸਾਲਾ, ਫ਼ਰਵਰੀ ੧੯੭੪, ਸਫ਼ਾ ੧੪੫)

†ਛੇਵੇਂ ਗੁਰੂ ਹਰਿਗੋਬਿੰਦ ਜੀ ਦੇ, ਪਿੰਡ ਝਬਾਲ ਵਿਚ ਆਪਣੀ ਧੀ ਬੀਬੀ ਵੀਰੋ ਦੇ 'ਅਨੰਦ' ਕਰਨ ਦੇ ਪ੍ਰਮਾਣ ਇਤਿਹਾਸ ਤੋਂ ਮਿਲਦੇ ਹਨ।

www.AKJ.Org

# ਜਿਉ ਡਰਨਾ ਖੇਤ ਮਾਹਿ ਡਰਾਇਆ

[ਵਲੋਂ:—ਗ: ਸ: ਸਾਰੰਗ, ਕਪੂਰਥਲਾ]

· ਮੈਂ ਖੇਤਾਂ ਵਿਚੋਂ ਲੰਘ ਰਿਹਾ ਸਾਂ। ਹਰੇ ਭਰੇ ਖੇਤ ਲਹਿ-ਲਹਾ ਰਹੇ ਸਨ।ਕਿਸਾਨ ਆਪ ਕਿਧਰੇ ਨਜ਼ਰ ਨਹੀਂ ਸੀ ਆਉਂਦਾ। ਖੇਤ ਦੀ ਰਾਖੀ ਘਾਹ-ਫੂਸ ਦਾ ਬਣਿਆ ਉੱਚਾ ਲੰਮਾ ਆਦਮੀ ਜਿਡਾ, ਇਕ ਡਰਨਾ ਕਰ ਰਿਹਾ ਸੀ। ਮੈਂ ਦੇਖ ਕੇ ਹਸਿਆ ਤੇ ਦਿਲ ਵਿਚ ਸੋਚਣ ਲਗਾ, ਦੁਨੀਆ ਵਿਚ ਛਲ ਹੀ ਛਲ ਹੈ। ਮਨੁੱਖ ਜਾਤੀ ਵਲ ਹੀ ਤਕੋ, ਬੰਦੇ ਨਾਲ ਬੰਦਾ ਛਲ ਕਰਦਾ ਹੈ। ਪਰ 'ਡਰਨਾ' ਮਨੁੱਖ ਦੇ ਛਲ ਦਾ ਇਕ ਪ੍ਰਤੀਕ ਹੈ। ਮਨੁੱਖ ਦਾ ਇਹ ਛਲ, ਮਨੁੱਖੀ ਜਗਤ ਤੋਂ ਬਾਹਰ, ਪਸ਼ੂ-ਜਗਤ ਤੇ ਪੰਖ-ਜਗਤ ਵਿਚ ਵਰਤਿਆ ਜਾ ਰਿਹਾ ਹੈ। ਹੁਣ 'ਡਰਨੇ' ਤੋਂ ਮਨੁੱਖੀ ਜਗਤ ਵਿਚ ਕੋਈ ਨਹੀਂ ਡਰਦਾ। ਸਭ ਨੂੰ ਪਤਾ ਹੈ ਕਿ ਇਹ ਬਨਾਉਟੀ ਦਿਖਾਵਾ ਹੈ। ਪਰ ਅਜੇ ਭੀ ਹੋਰ ਤਰ੍ਹਾਂ ਦੇ ਕਈ ਡਰਨੇ ਮਨੁੱਖ ਨੇ ਦੂਜਿਆਂ ਨੂੰ ਡਰਾਣ ਲਈ ਬਣਾਏ ਹੋਏ ਹਨ, ਜਿਨ੍ਹਾਂ ਤੋਂ ਲੋਕੀਂ ਡਰਦੇ ਸਨ।

ਮੈਂ ਇਸ ਵੇਲੇ ਡਰਨੇ ਦੇ ਕੋਲ ਦੀ ਲੰਘ ਰਿਹਾ ਸਾਂ। ਮੈਨੂੰ ਡਰਨੇ ਕੋਲੋਂ ਕੋਈ ਡਰ ਨਹੀਂ ਸੀ ਲਗ ਰਿਹਾ। ਪਰ ਡਰਨਾ ਮੈਨੂੰ ਵੇਖ ਕੇ ਹਸ ਪਿਆ, "ਕੀ ਤੁਸਾਂ ਕਦੀ ਕਿਸੇ ਨੂੰ ਡਰਾਣ ਦੇ ਸਵਾਦ ਦਾ ਅਨੁਭਵ ਨਹੀਂ ਕੀਤਾ?" ਮੈਂ ਕਿਹਾ, "ਹੁਣ ਤਾਂ ਮੈਂ ਕਦੀ ਨਹੀਂ ਕੀਤਾ, ਪਰ ਜਦੋਂ ਮੈਂ ਜਵਾਨ ਸਾਂ, ਮੈਨੂੰ ਦੂਜਿਆਂ ਨੂੰ ਡਰਾਣ ਵਿਚ ਬੜਾ ਹੀ ਸਵਾਦ ਆਉਂਦਾ ਸੀ।" ਡਰਨਾ ਫਿਰ ਹਸਿਆ ਤੇ ਕਹਿਣ ਲਗਾ, "ਮੈਨੂੰ ਭੀ ਭੋਲੇ ਭਾਲੇ ਪਸ਼ੂ ਪੰਖੀਆਂ ਨੂੰ ਡਰਾ ਕੇ ਬੜਾ ਹੀ ਸਵਾਦ ਆਉਂਦਾ ਹੈ। ਇਸੇ ਲਈ ਮੈਂ ਇਥੇ ਦਿਨੇ ਰਾਤ ਆਪਣੇ ਮਜ਼ੇ ਵਿਚ ਹੀ ਖੜਾ ਰਹਿੰਦਾ ਹਾਂ।" ਮੈਨੂੰ ਇਉਂ ਲਗਾ ਕਿ ਕਦੀ ਮੈਂ ਭੀ ਇਸ ਡਰਨੇ ਵਾਂਗ ਕਰਦਾ ਹੁੰਦਾ ਸਾਂ।

ਡਰਨਾ ਮੇਰੀ ਉਲਝਣ ਸਮਝ ਗਿਆ ਤੇ ਕਹਿਣ ਲਗਾ, "ਤੁਸੀਂ ਸੋਚਾਂ ਵਿਚ ਕਿਉਂ ਪੈਂਦੇ ਹੋ! ਜਿਸ ਦਾ ਦਿਮਾਗ ਭੂਸੇ ਨਾਲ ਭਰਿਆ ਹੁੰਦਾ ਹੈ ਉਸ ਨੂੰ ਦੂਜਿਆਂ ਨੂੰ ਡਰਾਣ ਵਿਚ ਬੜਾ ਸਵਾਦ ਆਉਂਦਾ ਹੈ। ਉਹੀ ਅਸਲੀ ਡਰਨਾ ਬਣ ਸਕਦਾ ਹੈ ਅਤੇ ਡਰਨੇ ਕੋਲੋਂ ਡਰਦੇ ਭੀ ਉਹੀ ਹਨ ਜਿਨ੍ਹਾਂ ਨੂੰ ਇਸ ਦੀ ਸਚਾਈ ਦਾ ਪਤਾ ਨਹੀਂ।

ਮੈਂ ਚਕ੍ਰਿਤ ਹੋ ਗਿਆ। ਡਰਨਾ ਜੋ ਕੁਝ ਕਹਿ ਰਿਹਾ ਸੀ, ਕੀ ਇਹ ਸਚ ਹੈ? ਕੀ ਡਰਨਾ ਮੇਰੇ ਨਾਲ ਮਖ਼ੌਲ ਕਰ ਰਿਹਾ ਹੈ? ਉਸ ਵੇਲੇ ਮੇਰੇ ਕੰਨਾਂ ਵਿਚ ਆਵਾਜ਼ ਆਈ —

ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ ॥

[ਸਲੋਕ ਮਹਲਾ ੯

ਮੇਰੇ ਮਨ ਵਿਚ ਸਵਾਲ ਉਠਿਆ, ਕੀ ਔਰੰਗਜ਼ੇਬ ਤੇ ਅਬਦਾਲੀ ਭੀ ਡਰਨੇ ਹੀ ਸਨ? ਕੀ ਦੁਨੀਆ ਦੀਆਂ ਸਭ ਵਡੀਆਂ ਵਡੀਆਂ ਤਾਕਤਾਂ ਭੀ ਡਰਨੇ ਹੀ ਹਨ? ਇਨਸਾਨ ਆਪਣੀ ਜ਼ਿੰਦਗੀ ਵਿਚ ਕਿਤਨੀਆਂ ਹੀ ਚੀਜ਼ਾਂ ਤੋਂ ਸਾਰੀ ਉਮਰ ਡਰਦਾ ਰਹਿੰਦਾ ਹੈ: ਆਪਣੇ ਦੁਸ਼ਮਨਾਂ ਤੋਂ, ਬੀਮਾਰੀ ਤੋਂ, ਰਾਜੇ ਤੋਂ, ਅਫ਼ਸਰ ਤੋਂ, ਪੁੱਤਰਾਂ ਤੋਂ, ਲੋਕਾਂ ਤੋਂ। ਮੈਨੂੰ ਇਉਂ ਭਾਸਿਆ ਕਿ ਮਨੁੱਖ ਲਈ ਪਰਮਾਤਮਾ ਦੇ ਵਿਸ਼ਾਲ ਖੇਤ ਵਿਚ ਥਾਂ ਥਾਂ ਡਰਨੇ ਹੀ ਡਰਨੇ ਖੜੇ ਕੀਤੇ ਹੋਏ ਹਨ। ਜਿਸ ਪ੍ਰਾਣੀ ਨੂੰ ਅਜੇ ਅਸਲੀਅਤ ਦਾ ਪਤਾ ਨਹੀਂ ਕਿ ਇਹ ਡਰਨੇ ਬਨਾਵਟੀ ਹਨ, ਉਹ ਸਾਰੀ ਉਮਰ ਡਰੀ ਹੀ ਜਾਂਦਾ ਹੈ—'ਜਿਉ ਡਰਨਾ ਖੇਤ ਮਾਹਿ ਡਰਾਇਆ॥' ਪਰ ਜਦੋਂ ਜਾਗ ਖੁਲ੍ਹਦੀ ਹੈ ਤਾਂ ਬੜੀ ਸ਼ਰਮ ਆਉਂਦੀ ਹੈ। ਹੁਣ ਡਰਨਾ ਮੇਰੇ ਵਲ ਘੂਰ ਘੂਰ ਕੇ ਵੇਖ ਰਿਹਾ ਸੀ।

ਉਪ੍ਰੋਕਤ ਵੀਚਾਰ ਤੋਂ ਪਤਾ ਲਗਦਾ ਹੈ ਕਿ ਮਨੁੱਖ ਨੂੰ ਡਰਾਉਣ ਵਾਲੀਆਂ ਅਨੇਕਾਂ ਸ਼ਕਤੀਆਂ ਡਰਨਿਆਂ ਦੇ ਰੂਪ ਵਿਚ ਇਸ ਨੂੰ ਡਰਾਉਂਦੀਆਂ ਰਹਿੰਦੀਆਂ ਹਨ। ਪਰ ਅਸਲ ਵਿਚ ਮਨੁੱਖ ਆਪਣੇ ਆਪ ਵਿਚ ਵੀ ਤਾਂ ਇਕ ਡਰਨਾ ਹੀ ਹੈ, ਜੇ ਨਾਮ ਨਹੀਂ ਜਪਦਾ ਤਾਂ; ਜੇ ਨਾਮ ਜਪ ਕੇ ਤਤ-ਸਾਰ ਗੁਣਾਂ ਦੀ ਪ੍ਰਾਪਤੀ ਨਹੀਂ ਕਰਦਾ। ਇਸ ਪ੍ਰਥਾਇ ਸਤਿਗੁਰ ਜੀ ਫ਼ੁਰਮਾਉਂਦੇ ਹਨ —

ਮਿਰਤਕ ਦੇਹ ਸਾਧ ਸੰਗ ਬਿਹੂਨਾ ॥...
ਨਿਹਫਲ ਮਾਨੁਖੁ ਜਪੈ ਨਹੀ ਨਾਮ ॥

ਇਸ ਤਤ-ਗੁਣ ਤੋਂ ਬਿਹੂਣ ਇਸ ਦਾ ਖਾਣਾ, ਪਹਿਰਨਾ, ਰਸ ਕਸ ਭੋਗਣ ਵਾਲਾ ਫੋਕਟ ਜੀਵਨ ਇਕ ਡਰਨੇ ਦੀ ਨਿਆਈਂ ਹੀ ਹੈ। ਇਸੇ ਗੱਲ ਨੂੰ ਸਤਿਗੁਰੂ ਸਪੱਸ਼ਟ ਕਰਦੇ ਹਨ — ਅਨਿਕ ਰਸਾ ਖਾਏ ਜੈਸੇ ਢੋਰ ॥

ਮੋਹ ਕੀ ਜੇਵਰੀ ਬਾਧਿਓ ਚੋਰ ॥...
ਅਨਿਕ ਬਸਤ੍ਰ ਸੁੰਦਰ ਪਹਿਰਾਇਆ॥
ਜਿਉ ਡਰਨਾ ਖੇਤ ਮਾਹਿ ਡਰਾਇਆ॥

[ਗਉੜੀ ਮ: ੫, ਪੰ: ੧੯੦

www.AKJ.Org

## ਸਰਬ ਹਿੰਦ ਅਖੰਡ ਕੀਰਤਨੀ ਜੱਥਿਆਂ ਵਲੋਂ

# ਕੁਮਾਰਹੱਟੀ ਵਿਖੇ ਅਖੰਡ ਕੀਰਤਨ ਸਮਾਗਮ

### ੨੮ ਜੂਨ ਸ਼ੁਕਰਵਾਰ ਸਵੇਰ ਤੋਂ ੩੦ ਜੂਨ ਐਤਵਾਰ ਦੁਪਹਿਰ ਤਕ

ਸੰਗਤਾਂ ਨੂੰ ਵਿਦਤ ਕੀਤਾ ਜਾਂਦਾ ਹੈ ਕਿ ਐਤਕਾਂ ਤਪੋਬਨ ਭਾਈ ਸਾਹਿਬ ਰਣਧੀਰ ਸਿੰਘ ਜੀ ਕੁਮਾਰ-ਹੱਟੀ ਵਿਖੇ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਸ੍ਰੀ ਅਖੰਡ ਪਾਠ ਤੇ ਕੀਰਤਨ ਸਮਾਗਮ ਹੋ ਰਹੇ ਹਨ। ਸਮੂੰਹ ਨਾਮ-ਰਸੀਏ ਵੀਰ ਭੈਣਾਂ ਪੁਜ ਕੇ ਲਾਹੇ ਪ੍ਰਾਪਤ ਕਰੋ ਜੀ।

## ਪ੍ਰੋਗਰਾਮ

**੨੮-੬-੭੪ ਸ਼ੁਕਰਵਾਰ**

| | | | |
|---|---|---|---|
| ੫-੦੦ ਤੋਂ | ੮-੦੦ ਸਵੇਰੇ | ਕੀਰਤਨ ਆਸਾ ਦੀ ਵਾਰ | ਗੁ: ਤਪੋ ਬਨ, ਕੁਮਾਰਹੱਟੀ ਵਿਖੇ |
| | ਉਪਰੰਤ | ਸ੍ਰੀ ਅਖੰਡਪਾਠ ਅਰੰਭ | |
| ੭-੩੦ ਤੋਂ | ੯-੩੦ ਸ਼ਾਮ | ਸੋਦਰ ਤੇ ਅਖੰਡ ਕੀਰਤਨ | ,, ,, |

**੨੯-੬-੭੪ ਸ਼ਨੀਵਾਰ**

| | | | |
|---|---|---|---|
| ੫-੦੦ ਤੋਂ | ੧੧-੦੦ ਸਵੇਰੇ | ਆਸਾ ਦੀ ਵਾਰ ਤੇ ਅਖੰਡਕੀਰਤਨ | ਗੁ: ਸਿੰਘ ਸਭਾ ਡਗਸ਼ਈ |
| ੭-੩੦ ਤੋਂ | ੯-੩੦ ਸ਼ਾਮ | ਸੋਦਰ ਤੇ ਅਖੰਡ ਕੀਰਤਨ | ਗੁ: ਤਪੋਬਨ ਕੁਮਾਰਹੱਟੀ |

**੩੦-੬-੭੪ ਐਤਵਾਰ**

| | | | |
|---|---|---|---|
| —— | ੫-੦੦ ਸਵੇਰੇ | ਭੋਗ ਸ੍ਰੀ ਅਖੰਡਪਾਠ | ,, |
| | ਉਪਰੰਤ | ਆਸਾ ਦੀ ਵਾਰ ਤੇ ਅਖੰਡ ਕੀਰਤਨ | |
| | | ਦੁਪਹਿਰ ਤੋਂ ਪਿਛੋਂ ਸਮਾਪਤੀ | |

**ਨੋਟ**:—੧. ਰਿਹਾਇਸ਼ ਤੇ ਲੰਗਰ ਆਦਿ ਦਾ ਪਰਬੰਧ ਕੁਮਾਰ-ਹੱਟੀ ਵਿਖੇ ਹੋਵੇਗਾ।

੨. ਪਹਾੜ ਦੀ ਲੋੜ ਅਨੁਸਾਰ ਸੰਗਤਾਂ ਗਰਮ ਕਪੜੇ ਤੇ ਬਿਸਤਰੇ ਨਾਲ ਜ਼ਰੂਰ ਲੈ ਕੇ ਆਉਣ ਜੀ।

ਪੁਛ-ਗਿਛ ਲਈ— ਭਾਈ ਬਾਵਾ ਸਿੰਘ ਜੀ, ਗੁ: ਤਪੋਬਨ, ਕੁਮਾਰ ਹੱਟੀ (ਸ਼ਿਮਲਾ)

ਪ੍ਰਾਰਥਕ ਦਾਸ—ਮੱਲ ਸਿੰਘ (ਜੱਥੇਦਾਰ) ਸਰਬ ਹਿੰਦ ਅਖੰਡ ਕੀਰਤਨੀ ਜੱਥਾ

---

# ਜੈਪੁਰ (ਰਾਜਿਸਥਾਨ) ਵਿਚ ਕੀਰਤਨ ਦੇ ਅਦੁੱਤੀ ਸਮਾਗਮ

### *੭ ਜੂਨ ਸ਼ੁਕਰਵਾਰ ਸਵੇਰ ਤੋਂ ੯ ਜੂਨ ਐਤਵਾਰ ਸਵੇਰ ਤਕ ਹੋ ਰਹੇ ਹਨ।*

ਅੰਮ੍ਰਿਤ-ਸੰਚਾਰ ਅਤੇ ਕੀਰਤਨ ਦੇ ਪ੍ਰੋਗਰਾਮ ਗੁਰਦਵਾਰਾ ਸਾਹਿਬ, ਰਾਜਾ ਪਾਰਕ, ਜੈਪੁਰ ਵਿਖੇ ਹੋਣਗੇ। ਸਮੂੰਹ ਗੁਰੂ-ਪਿਆਰੇ, ਕੀਰਤਨ-ਰਸੀਏ ਵੀਰ ਭੈਣਾਂ ਹਾਜ਼ਰੀਆਂ ਭਰ ਕੇ ਦਾਸਾਂ ਨੂੰ ਨਿਵਾਜੋ ਜੀ।

ਪ੍ਰਾਰਥਕ ਦਾਸਰੇ—ਨਿਰਬਾਣ ਕੀਰਤਨੀ ਜੱਥਾ, ਜੈਪੁਰ (ਰਾਜਿਸਥਾਨ)

ਪੁੱਛ ਗਿਛ ਲਈ—ਭਾਈ ਜਗਦੀਸ਼ ਸਿੰਘ, ਪਲਾਟ ਨੰਬਰ ੩੬੧, ਗਲੀ ਨੰਬਰ ੧, ਰਾਜਾ ਪਾਰਕ, ਜੈਪੁਰ

www.AKJ.Org

JUNE 1974 Regd No. P/AR 27 SURA, Amritsar

# ਗੁਰਦੁਆਰਾ ਜਨਮ ਅਸਥਾਨ
# ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ
## ਗੁਰੂ ਕੀ ਵਡਾਲੀ



www.AKJ.Org